

# ਅੰਮ੍ਰਿਤ ਕੀਰਤਨ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ



ਮੁੱਲ : 10 ਰੁਪਏ ਜੁਲਾਈ 1998

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 7 ਸਾਲ ਦਸਵਾਂ ਜੁਲਾਈ 1998



ਮਿੱਤਰ ਅਸਾਡੜੇ ਸੇਈ 2

ਕਰਉ ਬੇਨੰਤੀਆ 3

ਸਿਖ ਧਰਮ ਵਿਚ ਕੀਰਤਨ ਦਾ ਇਤਿਹਾਸ ਅਤੇ ਮਹਤਵ
ਜਗੀਦਸ ਕੌਰ 4

ਹਿੰਦੁਸਤਾਨੀ ਸੰਗੀਤ ਵਿੱਚ ਪ੍ਰਚਲਿਤ ਗਾਇਨ ਸ਼ੈਲੀਆਂ
ਡਾ. ਦਰਸ਼ਨ ਸਿੰਘ ਨਰੂਲਾ 9

Dya Singh of Australia
Gurmukh Singh 13

ਪੰਜ ਅੰਕ ਦੀ ਪ੍ਰਮੁਖਤਾ
ਬੇਦੀ ਲਾਲ ਸਿੰਘ ਸਹਿਤਕਾਰ 15

ਇਕ ਅਪੰਗ ਸਿਖ ਦੀ ਵਿਥਿਆ
ਪਿਆਰਾ ਸਿੰਘ ਮਹਲ 17

ਨੋਟੇਸ਼ਨ ਵਾਲੇ ਸ਼ਬਦਾ ਦੇ ਅਰਥ 18

ਸੁਰ ਲਿਪੀ ਰਾਗ ਗਉੜੀ
ਪ੍ਰਿੰਸੀਪਲ ਸ਼ਮਸੇਰ ਸਿੰਘ ਕਰੀਰ 19

ਸੁਰਲਿਪੀ: ਰਾਗ ਆਸਾ
ਪ੍ਰੋ. ਕਰਤਾਰ ਸਿੰਘ 20

ਸੁਰ ਲਿਪੀ ਚਿੰਨ 21

Matrimonial 22

Youth Career 23

ਜੰਤਰੀ 24



**ਸੰਪਾਦਕ (ਆਨਰੇਰੀ)**
**ਡਾ. ਜਾਗੀਰ ਸਿੰਘ**

ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ. ਐਚ. ਡੀ.

**ਕਾਰਜਕਾਰੀ ਸੰਪਾਦਕ**

ਡਾ. ਤ੍ਰਿਲੋਚਨ ਸਿੰਘ ਤਰਸੀ

**ਸਹਿਯੋਗੀ**

ਡਾ. ਕਰਨੈਲ ਸਿੰਘ ਸੋਮਲ
ਡਾ. ਹਰਨੇਕ ਸਿੰਘ ਕਲੇਰ
ਸ. ਜੋਤਿੰਦਰ ਸਿੰਘ ਸੋਹਲ
ਸ. ਹਰਭਜਨ ਸਿੰਘ ਚੋਪੜਾ
ਸ. ਉੱਤਮ ਸਿੰਘ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਲੇ ਆਉਟ : ਸੋਹਲ ਸਪੈਸ਼ਲਸ**

**ਸਰਪ੍ਰਸਤ**
ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051 ਸੈਕਟਰ 27 ਬੀ,
ਚੰਡੀਗੜ੍ਹ
ਫੋਨ- 650696


**ਚੰਦੇ ਦਾ ਵੇਰਵਾ:**

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |


**ਚਿੱਠੀ ਪੱਤਰ ਲਈ ਪਤਾ :**

ਅੰਮ੍ਰਿਤ ਕੀਰਤਨ ਟ੍ਰਸਟ ਰਜਿ
422, ਸੈਕਟਰ 15-ਏ,
ਚੰਡੀਗੜ੍ਹ -160 015

ਫੋਨ : 772660


| ਇਸ਼ਤਿਹਾਰਾਂ ਦਾ ਵੇਰਵਾ | ਦੇਸ | ਵਿਦੇਸ |
|---|---|---|
| ਪਿਛਲਾ ਕਵਰ | 5000 ਰੁ. | 10,000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. | 7500 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. | 5000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. | 2500 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. | 1500 ਰੁ. |

* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

* 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


ਡਾ. ਜਾਗੀਰ ਸਿੰਘ ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਿਰਜ਼ ਅਤੇ ਸਟੇਸ਼ਨਰਜ਼ ਐਸ. ਸੀ. ਐਫ. 107, ਫੇਜ਼-7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

# ਮਿੱਤਰ ਅਸਾਡੜੇ ਸੇਈ

ਪਿਛਲੇ ਸਾਲ ਵਿਸਾਖੀ 'ਤੇ ਪਿਆਰੇ ਵੀਰ ਟੀ. ਨਰਿੰਦਰਪਾਲ ਸਿੰਘ, ਵਿਕਾਸ ਪੁਰੀ ਨਵੀਂ ਦਿੱਲੀ, ਜੋ ਮੇਰੇ ਪੂਜਨੀਕ ਭੂਆ ਜੀ ਦੇ ਵੱਡੇ ਸਪੁਤਰ ਹਨ, ਦੇ ਉੱਦਮ ਤੇ ਚਿੱਠੀ ਸਦਕਾ ਆਪ ਦਾ ਕੀਰਤਨ ਸੁਣਨ ਦਾ ਸ਼ੁਭ ਅਵਸਰ ਟੀ.ਟੀ. ਨਗਰ, ਭੁਪਾਲ ਦੇ ਗੁਰਦੁਆਰਾ ਸਾਹਿਬ ਵਿਖੇ ਮਿਲਿਆ! ਆਪ ਦਾ ਭੇਜਿਆ 'ਅੰਮ੍ਰਿਤ ਕੀਰਤਨ' ਪੜ੍ਹ ਕੇ ਗੁਰਬਾਣੀ ਕੀਰਤਨ ਸੰਬੰਧੀ ਹੋਰ ਗਿਆਨ ਪ੍ਰਾਪਤ ਹੋਇਆ। ਵੀਰ ਨਰਿੰਦਰ ਪਾਲ ਸਿੰਘ ਜੀ ਰਾਹੀਂ ਆਪ ਦੇ ਕੀਰਤਨ ਦੀਆਂ ਦੋ ਕੈਸਟ-ਟੇਪਾਂ 'ਸਭ ਬਿਧਿ ਤੁਮ ਹੀ ਜਾਨਤੇ ' ਅਤੇ 'ਹਉ ਬਲਿਹਾਰੈ ਜਾਉ' ਪ੍ਰਾਪਤ ਹੋਈਆਂ। ਇਹ ਅਨਮੋਲ ਸੁਗਾਤਾਂ ਹਨ। ਸਾਡੀ ਅਰਦਾਸ ਹੈ ਕਿ ਵਾਹਿਗੁਰੂ 'ਅੰਮ੍ਰਿਤ ਕੀਰਤਨ' ਅਤੇ ਆਪ ਨੂੰ ਹਰ ਮੈਦਾਨ ਕਾਮਯਾਬੀ ਬਖ਼ਸ਼ੇ।

ਭੋਪਾਲ — ਯੋਗਿੰਦਰ ਸਿੰਘ, ਕੰਵਲਜੀਤ ਕੌਰ

'ਅੰਮ੍ਰਿਤ ਕੀਰਤਨ' ਰਾਹੀਂ ਆਪ ਸਿੱਖ ਪੰਥ ਦੀ ਨਿੱਗਰ ਸੇਵਾ ਕਰ ਰਹੇ ਹੋ।

ਲੁਧਿਆਣਾ। — ਹਰਜੀਤ ਸਿੰਘ

'ਅੰਮ੍ਰਿਤ ਕੀਰਤਨ' ਤੋਂ ਬੜੀ ਖੋਜ ਭਰਪੂਰ ਜਾਣਕਾਰੀ ਮਿਲਦੀ ਹੈ। ਆਪ ਨੇ ਪਿਛਲੇ ਅੰਕ ਵਿੱਚ ਆਦਰਸ਼ ਕੀਰਤਨੀਏ ਦੇ ਜਿਹੜੇ ਗੁਣ ਦਸੇ ਹਨ ਵਾਹਿਗੁਰੂ ਕਰੇ ਇਹ ਗੁਣ ਸਾਡੇ ਕੀਰਤਨੀਆਂ ਵਿੱਚ ਆਉਣ!

ਲਖਨਊ — ਹਰਬੰਸ ਸਿੰਘ

'ਅੰਮ੍ਰਿਤ ਕੀਰਤਨ' ਪ੍ਰਾਪਤ ਕਰਕੇ ਅਥਾਹ ਖ਼ੁਸ਼ੀ ਹੋਈ। ਤੁਹਾਡੀ ਲਗਨ, ਮਿਹਨਤ, ਸਿਦਕ ਤੇ ਸਿਰੜ ਦੀ ਦਾਦ ਦੇਣੀ ਬਣਦੀ ਹੈ।

ਸਰਹੰਦ ਮੰਡੀ — ਡਾ. ਹਰਚੰਦ ਸਿੰਘ ਸਰਹੰਦੀ

ਆਪ ਜੀ ਬਾਣੀ ਦੇ ਕੀਰਤਨ ਦੇ ਨਾਲ-ਨਾਲ 'ਅੰਮ੍ਰਿਤ ਕੀਰਤਨ' ਵੀ ਪ੍ਰਕਾਸ਼ਿਤ ਕਰਦੇ ਹੋ। ਇਹ ਬੜਾ ਸ਼ਲਾਘਾਯੋਗ ਉਪਰਾਲਾ ਹੈ।

ਅੰਮ੍ਰਿਤਸਰ — ਜਸਬੀਰ ਸਿੰਘ

'ਅੰਮ੍ਰਿਤ ਕੀਰਤਨ' ਬੜਾ ਵਧੀਆ ਮੈਗਜ਼ੀਨ ਹੈ। ਲਾਈਫ ਮੈਂਬਰ ਲਈ ਚੰਦਾ ਭੇਜ ਰਹੇ ਹਾਂ।

ਇੰਗਲੈਂਡ — ਦਲਜਿੰਦਰ ਸਿੰਘ

'ਅੰਮ੍ਰਿਤ ਕੀਰਤਨ' ਬਹੁਤ ਉੱਚ ਲੇਖਾਂ ਨਾਲ ਸ਼ਿੰਗਾਰਿਆ ਹੁੰਦਾ ਹੈ ਪਰ ਇਸ ਦਾ ਟਾਈਪ ਕੁਝ ਮੋਟਾ ਕਰਨ ਦੀ ਕਿਰਪਾ ਕਰੋ ਜੀ।

ਨਵੀਂ ਦਿਲੀ — ਆਵਤ ਸਿੰਘ

'ਅੰਮ੍ਰਿਤ ਕੀਰਤਨ' ਇਸ ਵੇਲੇ ਚੜ੍ਹਦੀ ਕਲਾ ਵਿਚ ਹੈ ਇਹ ਸਭ ਆਪ ਜੀ ਦੀ ਸਖਤ ਮਿਹਨਤ ਅਤੇ ਗੁਰਮਤ ਸੰਗੀਤ ਸੰਬੰਧੀ ਸੱਚੀ ਲਗਨ ਸਦਕਾ ਹੀ ਹੈ। ਜੂਨ ਅੰਕ ਵਿਚ ਆਪ ਨੇ ਜੋ ਆਦਰਸ਼ ਕੀਰਤਨੀਏ ਦੇ ਗੁਣ ਦੱਸੇ ਹਨ ਉਹ ਬਹੁਤ ਹੀ ਵਧੀਆ ਹਨ। ਇਹਨਾਂ ਗੁਣਾ ਨੂੰ ਧਾਰਨ ਕਰਕੇ ਹੀ ਆਦਰਸ਼ ਕੀਰਤਨੀਆ ਬਣ ਸਕਦਾ ਹੈ। ਬੇਦੀ ਲਾਲ ਸਿੰਘ ਸਾਹਿਤਕਾਰ, ਸ੍ਰ. ਕੁਲਦੀਪ ਸਿੰਘ ਹਉਗਾ ਦੇ ਲੇਖ ਅਤੇ ਬੰਦਸ਼ਾਂ ਕਾਬਲੇ ਤਾਰੀਫ ਹਨ।

ਸੰਗਰੂਰ — ਅਵਤਾਰ ਸਿੰਘ ਹੰਸ

ਜੂਨ ਮਹੀਨੇ ਦੇ 'ਅੰਮ੍ਰਿਤ ਕੀਰਤਨ' ਵਿੱਚ ਲੇਖ 'ਆਦਰਸ਼ ਕੀਰਤਨੀਏ' ਨਵੇਂ ਕੀਰਤਨੀਆਂ ਦਾ ਰਾਹ ਰੋਸ਼ਨ ਕਰਦਾ ਹੈ। 'ਤੰਤੀ ਸਾਜ਼ ਅਤੇ ਗੁਰਮਤ ਸੰਗੀਤ' ਲੇਖ ਵੀ ਲਾਜਵਾਬ ਹੈ। 'ਕਰਿ ਕਿਰਪਾ ਮੇਲਹੁ ਰਾਮ' ਵਿੱਚ ਕਲਾਕਾਰ ਦੇ ਮਨ ਦੀ ਤਰਲਤਾ ਪ੍ਰਗਟ ਹੁੰਦੀ ਹੈ।

ਲੁਧਿਆਣਾ — ਮਨਵਿੰਦਰ ਕੌਰ

ਜੂਨ ਮਹੀਨੇ ਦੇ ਸੰਪਾਦਕੀ ਤੇ 'ਅੰਮ੍ਰਿਤ ਕੀਰਤਨ' ਦੇ ਜਨਮ ਬਾਰੇ ਪਤਾ ਲਗਾ। ਖ਼ੁਸ਼ੀ ਦੀ ਗੱਲ ਹੈ ਇਸ ਵੇਲੇ 'ਅੰਮ੍ਰਿਤ ਕੀਰਤਨ' ਦਸਵੇਂ ਵਰੇ, ਵਿੱਚ ਹੈ। ਅਸੀਂ 'ਅੰਮ੍ਰਿਤ ਕੀਰਤਨ' ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦੇ ਹਾਂ।

ਪਟਨਾ — ਰਣਧੀਰ ਸਿੰਘ ਖਾਲਸਾ

ਜੂਨ ਅੰਕ ਵਿੱਚ 'ਆਰਸ਼ਕ ਕੀਰਤਨੀਏ' ਦੇ ਗੁਣ' ਲੇਖ ਬਹੁਤ ਵਧੀਆ ਹੈ। ਰਾਗੀ ਸਿੰਘਾਂ ਦਾ ਮਾਰਗ-ਦਰਸ਼ਨ ਕਰਦਾ ਹੈ। ਤੰਤੀ ਸਾਜ਼ ਤੇ ਗੁਰਮਤ ਸੰਗੀਤ, ਸ਼ਾਹ ਹੁਸੈਨ ਦਾ ਸੰਗੀਤ ਖੇਤਰ ਵਿੱਚ ਯੋਗਦਾਨ, ਭਾਈ ਸੁਧ ਸਿੰਘ ਪ੍ਰਧਾਨ ਸਿੰਘ ਬਹੁਤ ਪਸੰਦ ਆਏ। 'ਕਰਕਿਰਪਾ ਮੇਲਹੁ ਰਾਮ' ਅਤੇ ਬੱਬਲੀ ਐਸ. ਸਿੰਘ ਬਾਰੇ ਜਾਣਕਾਰੀ ਵੀ ਚੰਗੀ ਲਗੀ।

ਮਲੋਟ — ਮੰਗਤ ਸਿੰਘ ਮਸਤਾਨਾ

**THE SIKH REVIEW**
(A Monthly Magazine)

116 Karnani Mansion
25-A, Park Street, Calcutta - 70016

# ਡਾ. ਜਾਗੀਰ ਸਿੰਘ ਦਾ ਸਨਮਾਨ

ਪਿਛਲੇ ਦਿਨੀਂ ਦਿੱਲੀ ਦੀ ਇੱਕ ਸੰਸਥਾ ਪੰਜਾਬੀ ਸਾਹਿਤ ਕਲਾ ਸੰਗਮ ਵੱਲੋਂ ਡਾ. ਜਾਗੀਰ ਸਿੰਘ ਸੰਪਾਦਕ ਅੰਮ੍ਰਿਤ ਕੀਰਤਨ ਨੂੰ ਭਾਈ ਸੁਧ ਸਿੰਘ ਭਾਈ ਪ੍ਰਧਾਨ ਸਿੰਘ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।

ਪੰਜਾਬੀ ਸਾਹਿਤ ਕਲਾ ਸੰਗਮ ਦੇ ਪ੍ਰਧਾਨ ਸ੍ਰ. ਹਰਭਜਨ ਸਿੰਘ ਰਤਨ ਹਨ। ਇਸ ਦੇ ਸਾਰਪ੍ਰਸਤਾਂ ਵਿੱਚ ਇੰਦਰ ਕੁਮਾਰ ਗੁਜਰਾਲ ਸਾਬਕਾ ਪ੍ਰਧਾਨ ਮੰਤਰੀ, ਸ੍ਰ. ਦਰਸ਼ਨ ਸਿੰਘ ਧਾਲੀਵਾਲ ਅਮੀਰਕਾ, ਸ੍ਰ. ਸੁਰਜੀਤ ਸਿੰਘ ਮਜੀਠੀਆ ਦਾ ਪਰਿਵਾਰ, ਸ੍ਰ. ਬਖ਼ਸ਼ੀਸ਼ ਸਿੰਘ ਵਿਕਰਮ ਓਵਰਸੀਜ਼, ਜਸਟਿਸ ਆਰ. ਐਸ. ਨਰੂਲਾ ਅਤੇ ਸ੍ਰੀ ਐਚ. ਐਸ. ਹੰਸਪਾਲ ਦੇ ਨਾਮ ਸ਼ਾਮਲ ਹਨ। ਇਸ ਸੰਸਥਾ ਦੇ ਉਦੇਸ਼ ਹੇਠ ਲਿਖੇ ਹਨ :-
1. ਪੰਜਾਬੀ ਸਾਹਿਤ, ਕਲਾ ਅਤੇ ਸਭਿਆਚਾਰ ਦਾ ਪਰਚਾਰ ਤੇ ਪ੍ਰਸਾਰ। 2. ਉਪਰੋਕਤ ਖੇਤਰਾਂ ਨਾਲ ਸੰਬੰਧਿਤ ਪ੍ਰਮੁੱਖ ਵਿਅਕਤੀਆਂ ਨੂੰ ਸਨਮਾਨਿਤ ਕਰਨਾ ਅਤੇ ਪੁਰਸਕਾਰ ਦੇਣੇ। 3. ਪੰਜਾਬੀ ਸਾਹਿਤ, ਕਲਾ ਅਤੇ ਸਭਿਆਚਾਰ ਸੰਬੰਧੀ ਸੈਮੀਨਾਰ ਕਰਵਾਉਣੇ। 4. ਕੌਮੀ ਅਤੇ ਕੌਮਾਂਤਰੀ ਬੁੱਧੀ ਜੀਵੀਆਂ ਤੇ ਕਲਾਕਾਰਾਂ ਦੇ ਸੁਆਗਤ ਸਮਾਰੋਹ ਕਰਨੇ। 5. ਪੰਜਾਬੀ ਪੁਸਤਕਾਂ ਦੇ ਪ੍ਰਕਾਸ਼ਨ ਲਈ ਮਾਲੀ ਸਹਾਇਤਾ ਦੇਣੀ। 6. ਦੇਸ ਤੋਂ ਵਿਦੇਸ ਦੀਆਂ ਸਹਾਤਿਕ ਤੇ ਸਭਿਆਚਾਰਕ ਸੰਸਥਾਵਾਂ ਨੂੰ ਸਹਿਯੋਗ ਦੇਣਾ ਅਤੇ ਸੰਪਰਕ ਰੱਖਣਾ। 7. ਪੰਜਾਬੀ ਲੇਖਕਾਂ ਤੇ ਕਲਾਕਾਰਾਂ ਦੇ ਅਧਿਕਾਰਾਂ ਦੀ ਰਾਖੀ ਕਰਨਾ। 8. ਪੰਜਾਬੀ ਲੋਕ ਸੰਗੀਤ ਤੇ ਗੁਰਮਤ ਸੰਗੀਤ, ਚਿਤਰਕਾਰੀ, ਪਤ੍ਰਕਾਰੀ ਤੇ ਨਾਟਕ ਕਲਾ ਨੂੰ ਪ੍ਰਫੁਲਤ ਕਰਨਾ। 9. ਪੰਜਾਬੀਆਂ ਵਿਚ ਵਧ ਤੋਂ ਵਧ ਪੰਜਾਬੀ ਪੁਸਤਕਾਂ ਖ੍ਰੀਦਣ ਤੇ ਪੜ੍ਹਨ ਲਈ ਉਤਸ਼ਾਹ ਪੈਦਾ ਕਰਨਾ।

ਇਹਨਾਂ ਅਵਾਰਡਾਂ ਵਿੱਚ ਮੁਖ-ਭੂਮਿਕਾ ਸ੍ਰ. ਦਰਸ਼ਨ ਸਿੰਘ ਧਾਲੀਵਾਲ, ਅਤੇ ਉਹਨਾਂ ਦੇ ਪਰਿਵਾਰ ਦੀ ਹੈ। ਉਹਨਾਂ ਨੇ ਆਪਣੇ ਪਿਤਾ ਜੀ, ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਦੇ ਨਾਮ ਤੇ ਅਨੇਕਾਂ ਹੀ ਮਨੁੱਖੀ ਭਲਾਈ ਵਾਲੇ ਕਾਰਜ ਆਰੰਭ ਕੀਤੇ ਹੋਏ ਹਨ। ਇਹਨਾਂ ਨੇ ਵਿਸਕਾਂਨਸਨ ਯੂਨੀਵਰਸਿਟੀ ਵਿੱਚ ਲੱਖਾਂ ਡਾਲਰ ਖਰਚ ਕਰਕੇ ਦੋ ਚੇਅਰਾਂ ਸਥਾਪਿਤ ਕਰਵਾਈਆਂ ਹਨ। ਇਹਨਾਂ ਵਿੱਚ ਪੰਜਾਬ ਅਤੇ ਪੰਜਾਬੀ ਵਾਸਤੇ ਅਨੇਕਾਂ ਖੋਜ ਕਾਰਜ ਹੋਣਗੇ।

6 ਜੂਨ 1998 ਨੂੰ ਜਿਹੜਾ ਸਨਮਾਨ ਸਮਾਰੋਹ ਹੋਇਆ ਇਸ ਵਿੱਚ ਹਾਜ਼ਰ ਹੋਣ ਵਾਲੀਆਂ ਮੁਖ ਸ਼ਖਸੀਅਤਾਂ ਸਨ-ਸ੍ਰੀ ਇੰਦਰ ਕੁਮਾਰ ਗੁਜਰਾਲ, ਸ੍ਰ. ਸੁਰਜੀਤ ਸਿੰਘ ਬਰਨਾਲਾ, ਸ੍ਰੀ ਮਦਨ ਲਾਲ ਖੁਰਾਨਾ ਅਤੇ ਸ੍ਰ. ਦਰਸ਼ਨ ਸਿੰਘ ਧਾਲੀਵਾਲ। ਇਸ ਵਿੱਚ ਦਸ ਪੰਜਾਬੀ ਲੇਖਕਾਂ ਅਤੇ ਕਲਾਕਾਰਾਂ ਨੂੰ ਸਨਮਾਨਤ ਕੀਤਾ ਗਿਆ। ਸਨਮਾਨਿਤ ਵਿਅਕਤੀਆਂ ਵਿੱਚ ਡਾ. ਮਹੀਪ ਸਿੰਘ, ਸ੍ਰੀ ਹਰਪਾਲ ਟਿਵਾਣਾ, ਸ੍ਰੀ ਓਮ ਪ੍ਰਕਾਸ਼ ਗਾਸੋ, ਸ੍ਰ. ਸਰੂਪ ਸਿੰਘ ਅਲੱਗ, ਸ੍ਰ. ਮੱਖਣ ਸਿੰਘ, ਸ੍ਰੀ ਬੀ. ਐਸ. ਬੀਰ ਸ੍ਰ. ਪ੍ਰੀਤਮ ਸਿੰਘ ਕਾਸਦ, ਡਾ. ਅਜੀਤ ਸਿੰਘ, ਡਾ. ਕੁਲਦੀਪ ਸਿੰਘ ਹਉਰਾ ਅਤੇ ਡਾ. ਜਾਗੀਰ ਸਿੰਘ ਸ਼ਾਮਲ ਹਨ।

ਡਾ. ਜਾਗੀਰ ਸਿੰਘ ਨੂੰ ਜਿਹੜਾ ਅਵਾਰਡ ਦਿੱਤਾ ਗਿਆ ਉਹ ਪ੍ਰਸਿੱਧ ਕੀਰਤਨੀਏ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਹੋਰਾਂ ਨੂੰ ਸਮਰਪਿਤ ਹੈ। ਇਸ ਅਵਾਰਡ ਨੂੰ ਸਥਾਪਤ ਕਰਨ ਵਿੱਚ ਸ੍ਰ. ਸੁਰਜੀਤ ਸਿੰਘ ਮਜੀਠੀਆ ਦੇ ਸਪੁਤਰ ਸ੍ਰ. ਸਤਿਆਜੀਤ ਸਿੰਘ ਮਜੀਠੀਆ ਦਾ ਵਿਸ਼ੇਸ਼ ਹੱਥ ਹੈ। ਸ੍ਰੀ ਇੰਦਰ ਕੁਮਾਰ ਗੁਜਰਾਲ ਜੀ ਦੇ ਹੱਥੋਂ ਇਹ ਅਵਾਰਡ ਪ੍ਰਾਪਤ ਹੋਇਆ। ਅਵਾਰਡ ਸਮੇਂ ਸਨਮਾਨ ਵਜੋਂ ਜੋ ਸ਼ਬਦ ਕਹੇ ਗਏ ਉਹ ਇਸ ਪ੍ਰਕਾਰ ਹਨ:

ਡਾ. ਜਾਗੀਰ ਸਿੰਘ (ਵਿਸ਼ਾ ਮਾਹਿਰ, ਪੰਜਾਬ ਸਕੂਲ ਸਿੱਖਿਆ ਬੋਰਡ) ਉਹ ਸਖਸ਼ੀਅਤ ਹਨ, ਜਿਨ੍ਹਾਂ ਨੇ ਗੁਰਬਾਣੀ ਅਤੇ ਕਲਾਸੀਕਲ ਸੰਗੀਤ ਦੀ ਗਾਇਕੀ ਵਿਚ ਹੀ ਪ੍ਰਸਿੱਧੀ ਪ੍ਰਾਪਤ ਨਹੀਂ ਕੀਤੀ ਸਗੋਂ ਗੁਰਮਤ, ਸੰਗੀਤ ਅਤੇ ਗੁਰਮਤਿ ਦੇ ਦਾਰਸ਼ਨਿਕ ਪਹਿਲੂਆਂ ਬਾਰੇ ਵਿਸਤ੍ਰਿਤ ਕੰਮ ਕੀਤਾ ਹੈ। ਗੁਰਮਤ ਅਤੇ ਸੰਗੀਤ ਨਾਲ ਸਬੰਧਤ ਬਹੁਤ ਸਾਰੀਆਂ ਸੰਸਥਾਵਾਂ ਦੇ ਆਪ ਮੈਂਬਰ ਹਨ। ਪਿਛਲੇ 9 ਵਰ੍ਹਿਆਂ ਤੋਂ ਗੁਰਮਤ ਅਤੇ ਕਲਾਸਕੀ ਸੰਗੀਤ ਬਾਰੇ ਮਾਸਕ ਮੈਗਜ਼ੀਨ 'ਅੰਮ੍ਰਿਤ ਕੀਰਤਨ' ਦੀ ਆਪ ਸੰਪਾਦਨਾ ਕਰ ਰਹੇ ਹਨ। ਇਨ੍ਹਾਂ ਦੀ ਡਾਕਟਰੇਟ ਭੀ ਗੁਰਮਤ ਸੰਗੀਤ ਸਬੰਧੀ ਹੀ ਹੈ। ਆਪ ਜੀ ਨੇ ਆਪਣੀ ਮਿਠੀ ਅਵਾਜ਼ ਨਾਲ ਨਿਰਧਾਰਤ ਰਾਗਾਂ ਵਿੱਚ ਗੁਰਬਾਣੀ ਦੇ ਇਲਾਹੀ ਕੀਰਤਨ ਰਾਹੀਂ ਦੇਸ਼ ਵਿਦੇਸ਼ ਦੀਆਂ ਅਨੇਕਾਂ ਰੂਹਾਂ ਨੂੰ ਗੁਰੂ ਨਾਲ ਜੋੜਿਆ ਹੈ। ਡਾ: ਜਾਗੀਰ ਸਿੰਘ ਜੀ ਨੂੰ ਸ੍ਰ. ਸੁਰਜੀਤ ਸਿੰਘ ਮਜੀਠੀਆ ਜੀ ਦੇ ਪ੍ਰਵਾਰ ਵਲੋਂ ਸਥਾਪਤ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਗੁਰਮਤ ਸੰਗੀਤ ਪੁਰਸਕਾਰ ਪ੍ਰਦਾਨ ਕੀਤਾ ਜਾ ਰਿਹਾ ਹੈ। ਇਸ ਵਿੱਚ ਇਕ ਸ਼ਾਲ, ਸਿਮ੍ਰਤੀ ਚਿੰਨ੍ਹ ਅਤੇ 21 ਹਜ਼ਾਰ ਰੁਪਏ ਦੀ ਰਾਸ਼ੀ ਸ਼ਾਮਲ ਹੈ।

ਇੱਥੇ ਇਹ ਦੱਸਣ ਦੀ ਵੀ ਖੁਸ਼ੀ ਲੈ ਰਹੇ ਹਾਂ ਕਿ ਡਾ. ਜਾਗੀਰ ਸਿੰਘ ਜੀ ਨੂੰ ਇਸ ਤੋਂ ਪਹਿਲਾਂ ਭਾਸ਼ਾ ਵਿਭਾਗ ਪੰਜਾਬ ਵਲੋਂ ਸਾਲ 1998 ਦਾ ਸ਼੍ਰੋਮਣੀ ਰਾਗੀ ਅਵਾਰਡ, ਚੀਫ਼ ਖਾਲਸਾ ਦੀਵਾਨ ਵਲੋਂ 1987 ਦਾ ਭਾਈ ਸੰਤਾ ਸਿੰਘ ਆਵਰਡ, ਅਕੇਡਮੀ ਆਫ਼ ਸਿਖ ਰਿਲੀਜਨ ਐਂਡ-ਕਲਚਰ ਪਟਿਆਲਾ ਵਲੋਂ ਭਾਈ ਅਰਦਮਨ ਸਿੰਘ ਬਾਗੜੀਆ ਅਵਾਰਡ, ਗੁਰੂ ਗੋਬਿੰਦ ਸਿੰਘ ਸਟੱਡੀ-ਸਰਕਲ ਲੁਧਿਆਣਾ ਵਲੋਂ ਪ੍ਰੋ. ਤਾਰਾ ਸਿੰਘ ਅਵਾਰਡ ਪ੍ਰਾਪਤ ਹੋ ਚੁਕੇ ਹਨ। ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ, ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ, ਭਾਈ ਗੰਗਾ ਸਿੰਘ, ਸਿੰਘ ਸਭਾ ਤਹਿਰਾਨ (ਈਰਾਨ), ਗੁਰੂ ਗੋਬਿੰਦ ਸਿੰਘ ਫ਼ਾਉਂਡੇਸ਼ਨ, ਚੰਡੀਗੜ੍ਹ ਆਦਿ ਸੰਸਥਾਵਾਂ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਹ ਸਾਰਾ ਕੁਝ ਸਤਿਗੁਰੂ ਦੀ ਅਪਾਰ ਬਖਸ਼ਿਸ਼, ਸੰਗਤਾਂ ਦੀ ਅਗਵਾਈ ਅਤੇ ਅੰਮ੍ਰਿਤ ਕੀਰਤਨ ਦੇ ਪਾਠਕਾਂ ਦੇ ਪਿਆਰ ਸਦਕਾ ਹੀ ਹੈ।

ਅਸੀਂ ਅੰਮ੍ਰਿਤ ਕੀਰਤਨ ਟਰਸਟ ਵਲੋਂ ਪੰਜਾਬੀ ਸਾਹਿਤ ਕਲਾ ਸੰਗਮ ਦਿੱਲੀ ਦੇ ਅਭਾਰੀ ਹਾਂ ਜਿਹਨਾਂ ਨੇ ਇਹ ਅਵਾਰਡ ਦੇ ਕੇ ਅਦਾਰਾ 'ਅੰਮ੍ਰਿਤ ਕੀਰਤਨ' ਦਾ ਮਾਨ ਵਧਾਇਆ।

ਡਾ. ਤ੍ਰਿਲੋਕਨ ਸਿੰਘ ਤਰਸੀ
ਕਾਰਜਕਾਰੀ ਸੰਪਾਦਕ।

# ਸਿੱਖ ਧਰਮ ਵਿਚ ਕੀਰਤਨ ਦਾ ਇਤਿਹਾਸ ਅਤੇ ਮਹੱਤਵ

ਜਗਦੀਸ਼ ਕੌਰ, ਐਮ.ਏ. (ਸੰਗੀਤ)*

ਕੀਰਤਨ ਸ਼ਬਦ ਦਾ ਮੂਲ "ਕੀਰਤਿ" ਹੈ, ਜਿਸ ਦੇ ਕੋਸ਼ਕਾਰੀ ਸਰਲ ਜਿਹੇ ਅਰਥ ਹਨ ਜਸ, ਸੋਭਾ, ਵਡਿਆਈ ਆਦਿਕ। ਪੁਰਾਣੇ ਗ੍ਰੰਥਾਂ ਵਿਚ ਕੀਰਤਿ ਸ਼ਬਦ ਦੀ ਵਰਤੋਂ ਯਸ਼ ਨੂੰ ਵਿਸਤ੍ਰਿਤ ਕਰਨ ਵਾਲੇ ਕਿਸੇ ਨਿਰਮਾਣ ਕਾਰਜ ਲਈ ਵੀ ਕੀਤੀ ਗਈ ਹੈ। ਕੋਈ ਅਜਿਹਾ ਕੰਮ ਕਰਨਾ ਜਿਸ ਨਾਲ ਜਸ ਜਾਂ ਸੋਭਾ ਹੋਵੇ। ਆਪਣੀ ਅਤੇ ਆਪਣਿਆਂ ਦੀ ਕੀਰਤੀ ਕਰਨੀ ਤੇ ਸੁਣਨੀ ਮਨੁੱਖ ਦੀ ਸਦਾ ਤੋਂ ਖ਼ਾਹਿਸ਼ ਰਹੀ ਹੈ। ਸ਼ਾਇਦ ਇਸੇ ਲਈ ਪ੍ਰਾਚੀਨ ਭਾਰਤ ਵਿਚ ਕੀਰਤੀ ਸਤੰਭ ਕਾਇਮ ਕਰਨ ਦੀ ਰੀਤ ਪ੍ਰਚਲਿਤ ਰਹੀ ਹੈ। ਮਨੁੱਖ ਨੇ ਆਤਮਕ ਸੁਖ ਦੀ ਪ੍ਰਾਪਤੀ ਲਈ ਆਪਣਿਆਂ ਬਜ਼ੁਰਗਾਂ, ਪਿਆਰਿਆਂ ਨੂੰ ਦੇਵਤਾ ਸਰੂਪ ਸਮਝ ਕੇ ਉਨ੍ਹਾਂ ਦੇ ਗੁਣਾਂ ਦਾ ਗਾਇਨ ਕਰਨਾ ਸ਼ੁਰੂ ਕੀਤਾ। ਪਰ ਕੀਰਤਨ ਦਾ ਅਸਲ ਵਿਚ ਅਰਥ ਹੈ, ਬ੍ਰਹਮ ਦੀ ਕੀਰਤੀ, ਉਸਦੇ ਗੁਣਾਂ ਦਾ ਵਰਣਨ, ਸੰਮਿਲਤ ਰੂਪ ਵਿਚ ਗੁਣ ਗਾਉਣਾ। ਮਨੁੱਖ ਦੇ ਪ੍ਰਮਾਤਮਾ ਪ੍ਰਤੀ ਸਿਫ਼ਤ ਸਲਾਹ ਦੇ ਭਾਵਾਂ, ਸ਼ਬਦਾਂ, ਸੁਰਾਂ ਅਤੇ ਧੁਨੀਆਂ ਦੇ ਸੁਮੇਲ ਤੋਂ ਕੀਰਤਨ ਪ੍ਰਗਟ ਹੋਇਆ ਜਿਸ ਦੀ ਪਹੁੰਚ ਮਨੁੱਖੀ ਸੂਝ ਦੇ ਨਾਲ-ਨਾਲ ਉੱਚੀ ਉਠਦੀ ਗਈ।

ਕੀਰਤਨ ਦਾ ਆਰੰਭ ਇਕ ਤਰ੍ਹਾਂ ਨਾਲ ਵੈਦਿਕ ਕਾਲ ਵਿਚ ਹੋਇਆ ਕਹਿ ਸਕਦੇ ਹਾਂ। ਆਰੀਆ ਲੋਕ ਵੇਦ ਮੰਤਰਾਂ ਨੂੰ ਸੁਰ ਤੇ ਲੈਅ ਵਿਚ ਉਚਾਰਿਆ ਕਰਦੇ ਸਨ। ਉਪਨਿਸ਼ਦ ਵੀ ਕਵਿਤਾ ਰੂਪ ਵਿਚ ਹਨ ਜਿਨ੍ਹਾਂ ਨੂੰ ਗਾ ਕੇ ਪੜ੍ਹਿਆ ਜਾਂਦਾ ਸੀ। ਪਰ ਕੀਰਤਨ ਦਾ ਅਸਲ ਸੰਬੰਧ ਸਿੱਧਾ ਭਗਤੀ ਲਹਿਰ ਨਾਲ ਹੈ। ਜਿਸ ਵਿਚ ਗੋਰਖ, ਮਛੰਦਰ, ਆਦਿ ਚੁਰਾਸੀ ਸਿੱਧ ਤੇ ਭਗਤ ਜੈ ਦੇਵ, ਸ਼ੇਖ਼ ਫ਼ਰੀਦ, ਨਾਮਦੇਵ, ਰਵਿਦਾਸ, ਕਬੀਰ, ਸੂਰਦਾਸ ਆਦਿ ਸਾਰੇ ਹੀ ਸੰਗੀਤ ਮਾਹਿਰ, ਕੀਰਤਨ ਰਸੀਏ ਤੇ ਰਾਗਾਤਮਕ ਰੂਪ ਵਿਚ ਬਾਣੀ ਦੇ ਲੇਖਕ ਸਨ।

ਇਸ ਤਰ੍ਹਾਂ ਇਕ ਅਕਾਲ ਪੁਰਖ ਦੇ ਕੀਰਤਨ ਦੀ ਮਰਿਯਾਦਾ ਨਿਰਗੁਣ ਭਗਤਾਂ ਵਿਚ ਪ੍ਰਚਲਤ ਹੋ ਚੁੱਕੀ ਸੀ। ਥਾਂ ਥਾਂ ਸਤਿਸੰਗ ਲਗਦੇ, ਘੰਟਿਆਂ ਬੱਧੀ ਕੀਰਤਨ ਗਾਇਨ ਹੁੰਦਾ ਰਹਿੰਦਾ। ਭਾਈ ਗੁਰਦਾਸ ਜੀ ਦੀ ਦਸਵੀਂ ਵਾਰ ਦੀ ਛੇਵੀਂ ਪਉੜੀ ਵਿਚ ਦਰਜ ਤਾਰਾ ਰਾਣੀ ਦੀ ਕਥਾ ਤੋਂ ਗਿਆਤ ਹੁੰਦਾ ਹੈ ਕਿ ਰੈਣ ਸਬਾਈ ਕੀਰਤਨ ਹੁੰਦਾ ਸੀ ਤੇ ਰਾਣੀ ਕੀਰਤਨ ਦੀ ਖਿੱਚ ਕਰਕੇ ਸਾਰੀ ਰਾਤ ਕੀਰਤਨ ਵਿਚ ਜੁੜੀ ਰਹਿੰਦੀ ਸੀ। ਇਸੇ ਵਾਰ ਦੀ ਸੋਲਵੀਂ ਪਉੜੀ ਵਿਚ ਭਗਤ ਸੈਣ ਦੀ ਵਿਥਿਆ ਦਿੱਤੀ ਹੈ : ਸੰਤਾਂ ਦੀ ਮੰਡਲੀ ਉਸ ਪਾਸ ਆ ਕੇ ਸਾਰੀ ਰਾਤ ਕੀਰਤਨ ਕਰਿਆ ਕਰਦੀ ਸੀ। ਇਕ ਵਾਰ ਆਨੰਦ ਵਿਚ ਇਤਨਾ ਮਗਨ ਹੋ ਗਿਆ ਕਿ ਰਾਜੇ ਦੇ ਦਰਬਾਰ ਵਿਚ ਸੇਵਾ ਕਰਨ ਜਾਣਾ ਭੁੱਲ ਹੀ ਗਿਆ।

ਸਿੱਖ ਗੁਰੂ ਸਾਹਿਬਾਨ ਨੇ ਸਾਧਾਰਣ ਲੋਕਾਂ ਵਿਚ ਕੀਰਤਨ ਦੀ ਇਤਨੀ ਮਕਬੂਲੀਅਤ ਦੇਖਦੇ ਹੋਏ ਕੀਰਤਨ ਨੂੰ ਹੀ ਆਪਣਾ ਪ੍ਰਚਾਰ ਮਾਧਿਅਮ ਬਣਾਇਆ। ਗੁਰੂ ਨਾਨਕ ਦੇਵ ਜੀ ਦੇ ਵੇਲੇ ਸੰਗੀਤ ਪਤਨ ਦੀ ਗਹਿਰੀ ਖੱਡ ਵਿਚ ਡਿਗ ਚੁੱਕਾ ਸੀ, ਅਤੇ ਮਾੜੇ ਲੋਕਾਂ ਦੇ ਹੱਥਾਂ ਵਿਚ ਜਾ ਕੇ ਅੱਯਾਸ਼ੀ ਦੀ ਵਸਤ ਬਣ ਚੁੱਕਾ ਸੀ। ਗੁਰੂ ਨਾਨਕ ਦੇਵ ਜੀ ਨੇ ਸੰਗੀਤ ਨੂੰ ਈਸ਼ਵਰ ਭਗਤੀ ਦੇ ਰੂਪ ਵਿਚ ਬਦਲਣ ਦਾ ਜਤਨ ਕੀਤਾ। ਆਪ ਨੇ ਇਸ ਨੂੰ ਗੁਰਬਾਣੀ ਦਾ ਮਾਧਿਅਮ ਬਣਾ ਕੇ ਸੁੱਚਾ ਕੀਤਾ। ਇਸ ਆਸ਼ੇ ਲਈ ਗੁਰੂ ਜੀ ਨੇ ਇਕ ਮਰਾਸੀ ਮਰਦਾਨੇ ਨੂੰ ਆਪਣਾ ਸਾਥੀ ਬਣਾਇਆ, ਰਾਗਾਂ ਦੀ ਬਾਰੀਕ ਸੂਝ ਬਖ਼ਸ਼ੀ ਤੇ ਰੱਬੀ ਪਿਆਰ ਦੀ ਚੇਟਕ ਲਾ ਕੇ ਸੰਗੀ ਕੀਰਤਨੀਆ ਬਣਾਇਆ। ਆਪਣੀਆਂ ਚਾਰ ਉਦਾਸੀਆਂ ਦੇ ਦੌਰਾਨ ਪੰਜਾਬ ਦੇ ਜੰਗਲਾਂ, ਬੇਲਿਆਂ, ਬਾਰਾਂ, ਨਗਰਾਂ, ਮਾਰੂਥਲਾਂ, ਕੰਦਰਾਂ, ਪਹਾੜਾਂ, ਹਿੰਦੁਸਤਾਨ ਦੇ ਤੀਰਥਾਂ, ਅਰਬ, ਈਰਾਨ, ਕਾਬਲ, ਤਿੱਬਤ, ਭੂਟਾਨ, ਸਿੱਕਮ, ਸੰਗਲਾ ਦੀਪ ਆਦਿਕ ਦੇਸ਼ਾਂ ਵਿਚ ਕੀਰਤਨ ਨਾਲ ਲੋਕਾਂ ਨੂੰ ਮੋਹ ਲਿਆ। ਕੀਰਤਨ ਦੇ ਜਾਦੂ ਨਾਲ ਸੱਜਣ ਠੱਗ ਤੇ ਕੌਡੇ ਰਾਖ਼ਸ਼ ਜਿਹੇ ਪੱਥਰ ਦਿਲਾਂ ਨੂੰ ਮੋਮ ਕਰ ਦਿੱਤਾ। ਧਰਮਸ਼ਾਲਾਵਾਂ ਤੇ ਘਰਾਂ ਵਿਚ ਕੀਰਤਨ ਕਰਨ ਦੀ ਮਰਿਯਾਦਾ ਚਾਲੂ ਕੀਤੀ। ਆਪ ਨੇ ੧੯ ਰਾਗਾਂ ਵਿਚ ਬਾਣੀ ਰਚੀ।

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਨੇ ਇਸ ਪਰੰਪਰਾ ਨੂੰ ਜਾਰੀ ਰੱਖਿਆ। ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਆਪ ਦੇਵੀ ਦੀਆਂ ਭੇਟਾਂ ਗਾਇਆ ਕਰਦੇ ਸਨ। ਸੋ ਸੰਗੀਤ ਦੀ ਸੂਝ ਤਾਂ

ਪਹਿਲਾਂ ਹੀ ਸੀ। ਗੁਰਬਾਣੀ ਦੇ ਸੁਮੇਲ ਨਾਲ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਗਈ। ਆਪ ਦੇ ਦਰਬਾਰ ਵਿਚ ਭਾਈ ਸਾਦੂ ਤੇ ਭਾਈ ਬਾਦੂ ਕੀਰਤਨੀਏ ਸਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਆਪ ਨੇ ਆਸਾ ਦੀ ਵਾਰ ਦਾ ਗਾਇਨ ਕਰਨ ਦਾ ਮੁੱਢ ਵੀ ਬੰਨ੍ਹਿਆ। ਆਪ ਨੇ ੬੨ ਸਲੋਕਾਂ ਵਿਚ ਬਾਣੀ ਰਚੀ ਜੋ ਕਿ ਦਸ ਰਾਗਾਂ ਵਿਚ ਹੈ।

ਗੁਰੂ ਅਮਰਦਾਸ ਜੀ ਵੀ ਕੀਰਤਨ ਦੇ ਰਸੀਏ ਸਨ। ਆਪ ਨੇ ਸ੍ਰੀ ਗੋਇੰਦਵਾਲ ਵਿਚ ਕੀਰਤਨ ਪ੍ਰਵਾਹ ਚਲਾਇਆ ਹੋਇਆ ਸੀ। ਆਪ ਦੇ ਦਰਬਾਰ ਵਿਚ ਭਾਈ ਬੂਲਾ ਸਾਰਥੀਆ ਕੀਰਤਨ ਦੀ ਸੇਵਾ ਕਰਿਆ ਕਰਦਾ ਸੀ। ਗੁਰੂ ਸਾਹਿਬ ਨੇ ੧੭ ਰਾਗਾਂ ਵਿਚ ਬਾਣੀ ਰਚੀ। ਕਿਹਾ ਜਾਂਦਾ ਹੈ ਕਿ ਆਪ ਨੇ ਇਕ ਨਵਾਂ ਸਾਜ਼ ਸਿਰੰਦਾ ਵੀ ਬਣਾਇਆ।

ਗੁਰੂ ਅਮਰਦਾਸ ਜੀ ਤੋਂ ਉਪਰੰਤ ਗੁਰੂ ਰਾਮਦਾਸ ਜੀ ਨੇ ਨਾ ਸਿਰਫ ਕੀਰਤਨ ਪ੍ਰਵਾਹ ਨੂੰ ਜਾਰੀ ਰੱਖਿਆ ਸਗੋਂ ਕੀਰਤਨ ਮਰਿਯਾਦਾ ਨੂੰ ਵਧੇਰੇ ਪ੍ਰਪੱਕ ਕੀਤਾ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਦਿਨ ਇਕ ਜੋਗੀ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਆਇਆ। ਕੀਰਤਨ ਹੋ ਰਿਹਾ ਸੀ ਤੇ ਸੰਗਤਾਂ ਕੀਰਤਨ ਰਾਹੀਂ ਵਾਹਿਗੁਰੂ ਨਾਲ ਜੁੜੀਆਂ ਬਿਰਾਜ ਰਹੀਆਂ ਸਨ। ਜੋਗੀ ਇਹ ਦੇਖ ਕੇ ਹੈਰਾਨ ਹੋਇਆ ਕਿ ਕਿਸੇ ਸਿੱਖ ਨੇ ਜੋਗ ਦਾ ਪਹਿਰਾਵਾ ਨਹੀਂ ਪਹਿਨਿਆ, ਨਾ ਹੀ ਕਿੰਗਰੀ, ਬੀਨਾ ਆਦਿਕ ਸਾਜ਼ ਹਨ ਤੇ ਨਾ ਹੀ ਕੋਈ ਜੋਗ ਅਭਿਆਸ ਕਰ ਰਿਹਾ ਹੈ। ਫਿਰ ਕਿਵੇਂ ਇਹ ਸਮਾਧੀ ਦੀ ਅਵਸਥਾ ਵਿਚ ਪਹੁੰਚੇ ਹਨ। ਗੁਰੂ ਸਾਹਿਬ ਨੇ ਉਸਨੂੰ ਆਪਣਾ ਮਤ ਦੱਸਦੇ ਹੋਏ ਕਿਹਾ ਕਿ ਹੱਥਾਂ ਨਾਲ ਕਿੰਗਰੀ ਜਾਂ ਵੀਣਾ ਵਜਾਣ ਨਾਲ ਮਨੁੱਖ ਦਾ ਮਨ ਸਿਰਫ਼ ਸਾਜ਼ ਦੀ ਧੁਨੀ ਵਿਚ ਹੀ ਰਮ ਜਾਂਦਾ ਹੈ ਜੋ ਇਕ ਥੋਥਾ ਕਰਮ ਹੈ। ਪਰ ਗੁਰਸਿਖ ਆਪਣੀ ਰਸਨਾ ਨਾਲ ਕੀਰਤਨ ਕਰਦਾ ਹੋਇਆ ਆਪਣੀ ਸੁਰਤਿ ਪ੍ਰਭੂ ਚਰਨਾਂ ਨਾਲ ਜੋੜ ਲੈਂਦਾ ਹੈ। ਗੁਰਮਤਿ ਵਿਚ ਕੀਰਤਨ ਦੀ ਮਰਿਯਾਦਾ ਇਸ ਲਈ ਰੱਖੀ ਗਈ ਹੈ ਕਿ ਰਾਗ ਜਾਂ ਸਾਜ਼ਾਂ ਦੇ ਸੁਰ ਨਾਲ ਮਨ ਆਕਰਸ਼ਿਤ ਹੋਵੇ ਤੇ ਫਿਰ ਵਿਚ ਬਾਣੀ ਮਿਲਾ ਕੇ ਪੜ੍ਹਨ ਨਾਲ ਅਰਥਾਂ ਤੇ ਉੱਚ ਭਾਵਾਂ ਦੇ ਮਗਰ ਜਾ ਕੇ ਵਾਹਿਗੁਰੂ ਦੇ ਚਰਨਾਂ ਵਿਚ ਲੀਨ ਹੋ ਜਾਵੇ। ਫਿਰ ਹਠ, ਯੋਗ ਜਾਂ ਹੋਰ ਕਿਸੇ ਸਾਧਨ ਦੀ ਆਵਸ਼ਕਤਾ ਹੀ ਨਹੀਂ ਰਹਿ ਜਾਂਦੀ। ਗੁਰੂ ਸਾਹਿਬ ਨੇ ੨੯ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ।

ਗੁਰੂ ਅਰਜਨ ਦੇਵ ਜੀ ਖ਼ੁਦ ਰਾਗ ਵਿਦਿਆ ਵਿਚ ਪ੍ਰਵੀਨ ਸਨ। ਕਈ ਵਾਰ ਦਰਬਾਰ ਵਿਚ ਆਪ ਸਿਰੰਦਾ ਲੈ ਕੇ ਕੀਰਤਨ ਕਰਿਆ ਕਰਦੇ ਸਨ। ਜਦੋਂ ਹਜ਼ੂਰੀ ਰਾਗੀ ਸੱਤਾ ਤੇ ਬਲਵੰਡ ਆਪਣੀ ਰਾਗ ਵਿਦਿਆ ਦੇ ਹੰਕਾਰ ਵਿਚ ਆ ਕੇ ਗੁਰੂ ਘਰ ਤਿਆਗ ਕੇ ਚਲੇ ਗਏ ਤਾਂ ਗੁਰੂ ਸਾਹਿਬ ਨੇ ਸਿੱਖਾਂ ਨੂੰ ਸਾਜ਼ ਫੜਾ ਕੇ ਕਿਹਾ ਕਿ ਕੀਰਤਨ ਕਰੋ। ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਾਲ ਸਿੱਖਾਂ ਨੇ ਇਤਨਾ ਸੋਹਣਾ ਕੀਰਤਨ ਕੀਤਾ ਜਿਵੇਂ ਉਹ ਚਿਰਾਂ ਤੋਂ ਇਸ ਦੇ ਜਾਣੂੰ ਹੋਣ। ਗੁਰੂ ਸਾਹਿਬ ਨੇ ਕਿਹਾ ਕਿ ਅੱਜ ਤੋਂ ਹਰੇਕ ਗੁਰਸਿਖ ਕੀਰਤਨ ਕਰ ਸਕੇਗਾ। ਇਸ ਤਰ੍ਹਾਂ ਕੀਰਤਨ ਦੀ ਦਾਤ ਜੋ ਹੁਣ ਤਕ ਰਬਾਬੀਆਂ ਕੋਲ ਖ਼ਾਨਦਾਨੀ ਸੀ, ਉਹ ਸਮੁੱਚੇ ਸਿੱਖਾਂ ਦੀ ਝੋਲੀ ਪਾ ਦਿੱਤੀ। ਆਪ ਦੀ ਰਾਗ ਵਿੱਦਿਆ ਵਿਚ ਨਿਪੁੰਨਤਾ ਦੀ ਇਕ ਅਦੁੱਤੀ ਮਿਸਾਲ ਹੈ 'ਗੁਰੂ ਗ੍ਰੰਥ ਸਾਹਿਬ'। ਆਪ ਨੇ ਸਾਰੀ ਬਾਣੀ ਨੂੰ ਰਾਗਾਂ ਵਿਚ ਨਿਬੱਧ ਕਰ ਕੇ ਸੰਪਾਦਿਤ ਕੀਤਾ। ਆਪ ਨੇ ੩੦ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਗੁਰੂ ਅਰਜਨ ਦੇਵ ਜੀ ਦੇ ਵੇਲੇ ਸ੍ਰੀ ਦਰਬਾਰ ਸਾਹਿਬ ਵਿਚ ਕੀਰਤਨ ਦੀਆਂ ਚਾਰ ਚੌਂਕੀਆਂ ਕਾਇਮ ਕੀਤੀਆਂ ਗਈਆਂ : (੧) ਅੰਮ੍ਰਿਤ ਵੇਲੇ ਆਸਾ ਦੀ ਵਾਰ ਦੀ ਚੌਂਕੀ; (੨) ਸਵਾ ਪਹਿਰ ਦਿਨ ਚੜ੍ਹੇ ਚਰਨ ਕੰਵਲ ਜਾਂ ਬਿਲਾਵਲ ਦੀ ਚੌਂਕੀ; (੩) ਸ਼ਾਮ ਨੂੰ ਸੋਦਰ ਦੀ ਅਤੇ (੪) ਚਾਰ ਘੜੀ ਰਾਤ ਗਏ ਕਲਿਯਾਣ ਦੀ ਚੌਂਕੀ।

ਛੇਵੇਂ ਪਾਤਿਸ਼ਾਹ ਗੁਰੂ ਹਰਗੋਬਿੰਦ ਜੀ ਨੇ ਸ਼ਾਂਤ ਰਸੀ ਕੀਰਤਨ ਦੀ ਮਰਿਯਾਦਾ ਉਵੇਂ ਹੀ ਕਾਇਮ ਰੱਖੀ ਪਰ ਨਾਲ ਹੀ ਬੀਰ ਰਸੀ ਵਾਰਾਂ ਗਾਇਨ ਕਰਨ ਦੀ ਮਰਿਯਾਦਾ ਵੀ ਚਲਾਈ, ਵਾਰਾਂ ਗਾਇਨ ਕਰਨ ਲਈ ਢੱਡ, ਸਾਰੰਗੀ ਸਾਜ਼ ਪ੍ਰਚਲਿਤ ਕੀਤੇ। ਇਤਿਹਾਸਕਾਰਾਂ ਅਨੁਸਾਰ ਆਪ ਨੇ ਮੋਰ ਦੀ ਸ਼ਕਲ ਦੇ ਇਕ ਸਾਜ਼ 'ਤਾਊਸ' ਦੀ ਇਜ਼ਾਦ ਕੀਤੀ।

ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਏ ਸਾਹਿਬ ਜੀ ਕੀਰਤਨ ਦੇ ਅਨਿੰਨ ਪ੍ਰੇਮੀ ਸਨ। ਆਪ ਆਰਾਮ ਤਿਆਗ ਕੇ ਵੀ ਕੀਰਤਨ ਦੇ ਸਤਿਕਾਰ ਵਿਚ ਉੱਠ ਬਹਿੰਦੇ ਸਨ। ਭਾਈ ਸੰਤੋਖ ਸਿੰਘ ਜੀ ਨੇ 'ਸੂਰਜ ਪ੍ਰਕਾਸ਼' ਗ੍ਰੰਥ ਵਿਚ ਲਿਖਿਆ ਹੈ ਕਿ ਇਕ ਵਾਰ ਸ਼ਬਦ ਕੀਰਤਨ ਕਰਦੇ ਹੋਏ ਰਾਤ ਨੂੰ ਕੋਈ ਸੰਗਤ ਪਹੁੰਚੀ। ਜਿੱਥੇ ਗੁਰੂ ਸਾਹਿਬ ਬਿਰਾਜ ਰਹੇ ਸਨ, ਉਸ ਸਥਾਨ ਦੇ ਹੇਠੋਂ ਸੰਗਤ ਕੀਰਤਨ ਕਰਦੀ ਹੋਈ ਜਾ ਰਹੀ ਸੀ। ਆਪ ਕੀਰਤਨ ਦੀ ਆਵਾਜ਼ ਸੁਣ ਕੇ

ਝਟ ਪਟ ਉੱਠੇ। ਕਾਹਲੀ ਵਿਚ ਆਪ ਦੇ ਸੱਟ ਲੱਗ ਗਈ। ਲੱਗੀ ਸੱਟ ਨਾਲ ਹੀ ਆਪ ਹੇਠਾਂ ਸੰਗਤ ਦੇ ਦਰਸ਼ਨ ਕਰਨ ਆਏ। ਸਿੱਖਾਂ ਦੇ ਪੁੱਛਣ ਤੇ ਆਪ ਨੇ ਕਿਹਾ ਕਿ ਗੁਰੂ ਦਾ ਅਨੁਭਵ ਬਾਣੀ ਦੇ ਰੂਪ ਵਿਚ ਹੈ। ਸੋ ਗੁਰਬਾਣੀ ਦਾ ਅਦਬ ਕਰਨਾ ਬਹੁਤ ਜ਼ਰੂਰੀ ਹੈ।

ਗੁਰੂ ਤੇਗ ਬਹਾਦਰ ਜੀ ਕੀਰਤਨ ਦੇ ਪ੍ਰਸਾਰ ਵਲ ਵਿਸ਼ੇਸ਼ ਧਿਆਨ ਦਿੰਦੇ ਸਨ। ਆਪ ਖ਼ੁਦ ਵੀ ਕੀਰਤਨ ਵਿੱਦਿਆ ਵਿਚ ਨਿਪੁੰਨ ਸਨ। ਆਪ ਨੇ ਆਪਣੇ ਸਾਹਿਬਜ਼ਾਦੇ ਗੋਬਿੰਦ ਰਾਏ ਨੂੰ ਹੋਰ ਵਿਦਿਆਵਾਂ ਦੇ ਨਾਲ-ਨਾਲ ਕੀਰਤਨ ਵਿੱਦਿਆ ਵਿਚ ਵੀ ਨਿਪੁੰਨ ਕੀਤਾ। ਪ੍ਰਚਾਰ ਦੌਰਿਆਂ ਤੇ ਜਾਣ ਸਮੇਂ ਪ੍ਰਸਿੱਧ ਕੀਰਤਨੀਏ ਆਪ ਦੇ ਨਾਲ ਹੁੰਦੇ ਸਨ। ਆਪ ਨੇ ੧੫ ਰਾਗਾਂ ਵਿਚ ਬਾਣੀ ਉਚਾਰੀ ਤੇ ਪਹਿਲੀ ਵਾਰ ਜੈਜੈਵੰਤੀ ਰਾਗ ਵਰਤਿਆ।

ਦਸਮ ਪਾਤਸ਼ਾਹ ਕੋਮਲ ਹੁਨਰਾਂ ਦੇ ਬੜੇ ਕਦਰਦਾਨ ਸਨ। ਆਪ ਦੇ ਦਰਬਾਰ ਵਿਚ ਵੱਡੀ ਗਿਣਤੀ ਵਿਚ ਕੀਰਤਨੀਏ ਤੇ ਕਵੀ ਰਹਿੰਦੇ ਸਨ। ਆਪ ਦਾ ਤਾਊਸ 'ਮੰਡੀ' ਦੇ ਗੁਰਦੁਆਰੇ ਵਿਚ ਸੁਸ਼ੋਭਿਤ ਹੈ। ਗੁਰੂ ਸਾਹਿਬ ਦਾ ਕੀਰਤਨ ਪ੍ਰੇਮ ਇਤਨਾ ਦ੍ਰਿੜ੍ਹ ਸੀ ਕਿ ਆਪ ਜੰਗਾਂ ਜੁੱਧਾਂ ਵੇਲੇ ਵੀ ਕੀਰਤਨ ਦਾ ਸਮਾਂ ਨਹੀਂ ਸੀ ਖੁੰਝਾਉਂਦੇ। ਭੰਗਾਣੀ ਦੇ ਯੁੱਧ ਵੇਲੇ ਰਾਤ ਨੂੰ ਪਾਉਂਟਾ ਸਾਹਿਬ ਆ ਕੇ ਕੀਰਤਨ ਸ੍ਰਵਣ ਕਰਿਆ ਕਰਦੇ ਸਨ। ਜਦੋਂ ਆਪ ਆਨੰਦਪੁਰ ਦਾ ਕਿਲ੍ਹਾ ਛੱਡ ਕੇ ਜਾ ਰਹੇ ਸਨ ਤਾਂ ਆਸਾ ਦੀ ਵਾਰ ਦਾ ਵੇਲਾ ਹੋ ਜਾਣ ਕਰਕੇ ਪਹਿਲਾਂ ਵਾਰ ਦਾ ਕੀਰਤਨ ਸ੍ਰਵਣ ਕੀਤਾ ਤੇ ਫੇਰ ਦਰਿਆ ਪਾਰ ਕੀਤਾ। ਆਪ ਦੀ ਬਾਣੀ ਦੇ ਛੰਦਾਂ ਵਿਚ ਰਾਗਾਂ ਤੇ ਤਾਲਾਂ ਬਾਰੇ ਆਏ ਜ਼ਿਕਰ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਸਾਹਿਬ ਸੰਗੀਤ ਵਿਦਿਆ ਵਿਚ ਕਮਾਲ ਦੇ ਮਾਹਿਰ ਸਨ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਵੀ ਕੀਰਤਨ ਦਾ ਪ੍ਰਵਾਹ ਨਿਰੰਤਰ ਚਲਦਾ ਰਿਹਾ। ਜਦੋਂ ਸਿੱਖਾਂ ਤੇ ਸਖ਼ਤੀ ਦਾ ਦੌਰ ਚਲਿਆ ਤਾਂ ਸਿੱਖਾਂ ਨੇ ਘਰ ਘਾਟ ਛੱਡ ਜੰਗਲਾਂ ਵਿਚ ਪਨਾਹ ਲੈ ਲਈ ਪਰ ਕੀਰਤਨ ਫਿਰ ਵੀ ਉਨ੍ਹਾਂ ਦੇ ਅੰਗਸੰਗ ਰਿਹਾ। ਜੰਗਾਂ ਜੁੱਧਾਂ ਵੇਲੇ ਬਾਣੀ ਦੇ ਪਾਠ ਤੇ ਕੀਰਤਨ ਕਰਕੇ ਸਮਾਂ ਬਿਤਾਉਂਦੇ। ਸਿੱਖ ਕੌਮ ਦੇ ਦੋ ਮਹਾਨ ਜਰਨੈਲ ਬਾਬਾ ਦੀਪ ਸਿੰਘ ਤੇ ਸ੍ਰ: ਜੱਸਾ ਸਿੰਘ ਆਹਲੂਵਾਲੀਆ ਜਿੱਥੇ ਮਹਾਨ ਯੋਧੇ, ਰਾਜਨੀਤੀਵਾਨ ਤੇ ਸੰਤ ਸਿਪਾਹੀ ਸਨ, ਉੱਥੇ ਆਪ ਕੀਰਤਨ ਦੇ ਵੀ ਰਸੀਏ ਸਨ। ਜਦੋਂ ਤਕ ਆਪ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਨਹੀਂ ਸੁਣਦੇ ਸਨ ਉਦੋਂ ਤੱਕ ਭੋਜਨ ਨਹੀਂ ਸਨ ਕਰਦੇ। ਸਿੱਖ ਮਿਸਲਾਂ ਦੇ ਰਾਜ ਸਮੇਂ ਦਰਬਾਰ ਸਾਹਿਬ ਵਿਚ ਦਿਨ ਰਾਤ ਕੀਰਤਨ ਦਾ ਪ੍ਰਵਾਹ ਚਲਦਾ ਰਹਿੰਦਾ ਸੀ। ਮਿਸਲਾਂ ਦੇ ਜੱਥੇਦਾਰ ਦਰਬਾਰ ਸਾਹਿਬ ਦੇ ਆਲੇ-ਦੁਆਲੇ ਬਣੇ ਬੁੰਗਿਆਂ ਵਿਚ ਠਹਿਰਦੇ ਸਨ ਤਾਂ ਕਿ ਕੀਰਤਨ ਦੀਆਂ ਮਧੁਰ ਧੁਨਾਂ ਸੁਣਾਈ ਦਿੰਦੀਆਂ ਰਹਿਣ।

ਘੱਲੂਘਾਰਿਆਂ ਦੇ ਸਮੇਂ ਵਿਚ ਸਿੰਘ ਜਦੋਂ ਜੰਗਲਾਂ ਆਦਿ ਵਿਚ ਨਿਵਾਸ ਕਰਨ ਲੱਗੇ ਤਾਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਨਿਰਮਲਿਆਂ ਤੇ ਉਦਾਸੀ ਸੰਤਾਂ ਨੇ ਲੈ ਲਈ। ਕੀਰਤਨ ਦੀ ਪੁਰਾਤਨ ਮਰਿਯਾਦਾ ਨੂੰ ਵੀ ਕਾਇਮ ਰੱਖਿਆ। ਇਨ੍ਹਾਂ ਡੇਰਿਆਂ ਵਿਚੋਂ ਹੀ ਸਿੱਖਿਆ ਲੈ ਕੇ ਕਈ ਪ੍ਰਸਿੱਧ ਰਾਗੀ ਪੰਥ ਵਿਚ ਹੋਏ। ਜਿਵੇਂ ਭਾਈ ਸ਼ਾਮ ਸਿੰਘ, ਭਾਈ ਚਾਂਦ ਜੀ, ਭਾਈ ਹੀਰਾ ਸਿੰਘ, ਭਾਈ ਸੁਰਜਨ ਸਿੰਘ, ਭਾਈ ਸੰਤਾ ਸਿੰਘ, ਭਾਈ ਸਮੁੰਦ ਸਿੰਘ ਤੇ ਭਾਈ ਗੋਪਾਲ ਸਿੰਘ ਆਦਿ। ਵਰਤਮਾਨ ਸਮੇਂ ਵਿਚ ਵੀ ਕੀਰਤਨ ਦਾ ਪ੍ਰਵਾਹ ਨਿਰੰਤਰ ਜਾਰੀ ਹੈ। ਅਖੰਡ ਕੀਰਤਨੀ ਜੱਥੇ ਦੇ ਬਾਨੀ ਭਾਈ ਰਣਧੀਰ ਸਿੰਘ ਜੀ ਦਾ ਇਸ ਖੇਤਰ ਵਿਚ ਮਹਾਨ ਯੋਗਦਾਨ ਹੈ। ਹੋਰ ਅਣਗਿਣਤ ਸੰਸਥਾਵਾਂ ਤੇ ਗੁਰਸਿਖ ਪਿਆਰੇ ਇਸ ਖੇਤਰ ਵਿਚ ਸਰਗਰਮ ਹਨ।

ਗੁਰੂ ਸਾਹਿਬਾਨ ਨੇ ਕੀਰਤਨ ਨੂੰ ਸਿੱਖ ਦੇ ਨਿੱਤ ਜੀਵਨ ਦਾ ਅਨਿੱਖੜ ਅੰਗ ਬਣਾ ਦਿੱਤਾ ਹੈ। ਖ਼ੁਸ਼ੀ ਹੋਵੇ, ਗ਼ਮੀ ਹੋਵੇ ਜਾਂ ਕੋਈ ਵੀ ਹੋਰ ਮੌਕਾ ਹੋਵੇ, ਕੀਰਤਨ ਤਾਂ ਅਵੱਸ਼ ਹੀ ਕੀਤਾ ਜਾਂਦਾ ਹੈ। ਗੱਲ ਕੀ, ਸਿੱਖ ਧਰਮ ਦੇ ਸਾਰੇ ਸੰਸਕਾਰਾਂ ਵਿਚ ਕੀਰਤਨ ਦਾ ਮੁੱਖ ਸਥਾਨ ਹੈ।

ਸਿੱਖ ਧਰਮ ਨੇ ਭਗਤੀ ਲਹਿਰ ਦੀ ਦੇਣ ਕੀਰਤਨ ਪਰੰਪਰਾ ਨੂੰ ਅਪਣਾਇਆ. ਜ਼ਰੂਰ ਪਰ ਨ੍ਰਿਤ ਨੂੰ ਛੱਡ ਦਿੱਤਾ । ਗੁਰੂ ਸਾਹਿਬ ਦਾ ਵਿਚਾਰ ਹੈ ਕਿ ਪ੍ਰਭੂ ਦੀ ਸਿਫ਼ਤ ਸਲਾਹ ਕਰਨੀ ਮਨੁੱਖ ਦੇ ਅੰਤਰਮਨ ਨਾਲ ਸੰਬੰਧਤ ਹੈ, ਜਦ ਕਿ ਨ੍ਰਿਤ ਬਾਹਰਮੁਖੀ ਖ਼ੁਸ਼ੀ ਪ੍ਰਗਟਾਉਣ ਦਾ ਸਾਧਨ ਹੈ। ਤੇ ਗੁਰਬਾਣੀ ਦਾ ਲਕਸ਼ ਹੈ ਮਨੁੱਖ ਨੂੰ ਅੰਤਰਮੁਖੀ ਕਰਨਾ ਤੇ ਗੁਰਮਤਿ ਦਾ ਸੰਗੀਤ ਨ੍ਰਿਤ ਵੀ ਸਰੀਰਕ ਨਾ ਹੋ ਕੇ ਮਾਨਸਿਕ ਹੈ। ਗੁਰੂ ਅਮਰਦਾਸ ਜੀ ਦੇ ਬਚਨ ਹਨ :

**ਨਾਚੁ ਰੇ ਮਨ ਗੁਰ ਕੈ ਆਗੈ**

**ਗੁਰ ਕੈ ਭਾਣੈ ਨਾਚਹਿ ਤਾ ਸੁਖੁ ਪਾਵਹਿ ਅੰਤੇ ਜਮ ਭਉ ਭਾਗੁ।**

ਰਾਗ ਮਨੁੱਖੀ ਮਨ ਨੂੰ ਇਕਾਗਰ ਕਰਦਾ ਹੈ ਤੇ

ਭਾਵਾਂ ਨੂੰ ਕੋਮਲ ਬਣਾਉਂਦਾ ਹੈ। ਭਾਵੁਕਤਾ ਵਿਚ ਮਨੁੱਖੀ ਮਨ ਉਚੇਰੀ ਉਡਾਰੀ ਮਾਰਦਾ ਹੈ ਅਤੇ ਕਈ ਵੇਰ ਡਿਗ ਵੀ ਜਾਂਦਾ ਹੈ। ਇਹ ਸਥਿਤੀ ਉਸ ਖ਼ਿਆਲ ਤੇ ਨਿਰਭਰ ਹੈ ਜੋ ਗਾਈ ਜਾ ਰਹੀ ਕਵਿਤਾ ਜਾਂ ਬਾਣੀ ਹੁੰਦੀ ਹੈ। ਇਸੇ ਲਈ ਗੁਰੂ ਸਾਹਿਬਾਨ ਨੇ ਗੁਰਬਾਣੀ ਨੂੰ ਰਾਗਾਂ ਵਿਚ ਨਿਬੱਧ ਕਰਕੇ ਗਾਉਣ ਦਾ ਆਦੇਸ਼ ਦਿੱਤਾ ਹੈ ਤੇ ਕੱਚੀ ਬਾਣੀ ਗਾਉਣ ਦੀ ਮਨਾਹੀ ਕੀਤੀ ਹੈ। **(ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸੱਚੀ ਬਾਣੀ)**।

ਸਾਧਸੰਗਤ ਵਿਚ ਆ ਕੇ ਇਕ ਅਕਾਲਪੁਰਖ ਦੀ ਕੀਰਤਿ ਕਰਨੀ, ਸਾਰਿਆਂ ਕਰਮਾਂ ਵਿਚੋਂ ਸ਼੍ਰੋਮਣੀ ਕਰਮ ਮੰਨਿਆ ਗਿਆ ਹੈ। ਜਿਸ ਸਥਾਨ ਤੇ ਰਲ ਕੇ ਵਾਹਿਗੁਰੂ ਦੇ ਗੁਣ ਗਾਇਣ ਕੀਤੇ ਜਾਣ ਉਸ ਸਥਾਨ ਨੂੰ ਸਵਰਗ ਦੇ ਬਰਾਬਰ ਤੁਲਨਾ ਦਿੱਤੀ ਹੈ। **(ਤਹਾਂ ਬੈਕੁੰਠ ਜਹ ਕੀਰਤਨੁ ਤੇਰਾ)**।

ਕੀਰਤਨ ਗਾਇਨ ਕਰਨ ਨਾਲ ਜਾਂ ਸੁਣਨ ਨਾਲ ਮਨੁੱਖ ਦੀ ਬੇਸਮਝੀ ਖ਼ਤਮ ਹੁੰਦੀ ਹੈ ਤੇ ਉਸ ਨੂੰ ਮਨੋ ਇੱਛਿਤ ਫਲ ਪ੍ਰਾਪਤ ਹੁੰਦੇ ਹਨ। ਇਸੇ ਲਈ ਹਰਿ ਕੀਰਤਨ ਨੂੰ ਕਲਪ ਬ੍ਰਿੱਛ ਤੇ ਕਾਮਧੇਨੁ ਗਾਂ ਨਾਲ ਵੀ ਉਪਮਾਇਆ ਜਾਂਦਾ ਹੈ।

**ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ॥**
**ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸੁ॥**
(ਅੰਗ ੧੩੦੦)

ਅਹੰਕਾਰ ਮਾਇਆ ਦਾ ਹੀ ਇਕ ਰੂਪ ਹੈ ਜੋ ਜੀਵ ਆਤਮਾ ਨੂੰ ਆਪਣੇ ਅਸਲ (ਪ੍ਰਮਾਤਮਾ) ਤੋਂ ਦੂਰ ਲੈ ਜਾਂਦਾ ਹੈ। ਅਹੰਕਾਰ ਮਨੁੱਖ ਦੇ ਮਨ ਤੇ ਜ਼ਹਿਰ ਜਿਹਾ ਅਸਰ ਕਰਦਾ ਹੈ ਤੇ ਫਿਰ ਇਹ ਇਕ ਦੀਰਘ ਰੋਗ ਬਣ ਜਾਂਦਾ ਹੈ। ਸਿਰਫ ਕੀਰਤਨ ਹੀ ਇਸ ਦੀ ਨਵਿਰਤੀ ਕਰ ਸਕਦਾ ਹੈ। ਕੀਰਤਨ ਕਰਦਿਆਂ ਸੁਣਦਿਆਂ ਵਿਕਾਰਾਂ ਦੀ ਮੈਲ ਲੱਥ ਕੇ ਮਨ ਸਾਫ਼ ਚਮਕਦਾਰ ਸ਼ੀਸ਼ੇ ਜਿਹਾ ਹੋ ਜਾਂਦਾ ਹੈ।

**ਗੁਨ ਗਾਵਤ ਤੇਰੀ ਉ ਰਸਿ ਮੈਲੁ।**
**ਬਿਨਸਿ ਜਾਇ ਹਉਮੈ ਖੁ ਫੈਲੁ॥** (ਅੰਗ ੨੮੯)

ਸੰਸਾਰ ਦੇ ਸੁੱਖ ਜਿ ਨੂੰ ਮਨੁੱਖ ਮਾਇਆ ਦੇ ਭੁਲਾਵੇ ਵਿਚ ਆ ਕੇ ਸਦਾ ਥਿਰ ਰਹਿਣ ਵਾਲੇ ਸਮਝ ਬੈਠਦਾ ਹੈ ਅਸਲ ਵਿਚ ਉਹ ਛਿੰਨ-ਭੰਗੁਰ ਹਨ। ਸਦਾ ਕਿਸੇ ਵਿਅਕਤੀ ਕੋਲ ਨਹੀਂ ਰਹਿੰਦੇ। ਕੀਰਤਨ ਹੀ ਅਜਿਹਾ ਇੱਕੋ ਇੱਕ ਸਥਾਈ ਧਨ ਹੈ ਜੋ ਇਸ ਲੋਕ ਵਿਚ ਵੀ ਤੇ ਪਰਲੋਕ ਵਿਚ ਵੀ ਸਾਥ ਨਿਭਾਉਂਦਾ ਹੈ।

**ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋ।**
**ਹਰਿ ਕੀਰਤਨ ਆਧਾਰ ਨਿਹਚਲ ਏਹੁ ਧਨੋ॥**
(ਅੰਗ ੩੯੮)

ਪਰ ਇਸ ਸਥਾਈ ਧਨ ਦਾ ਵਾਪਾਰੀ ਕੋਈ ਵਿਰਲਾ ਹੀ ਹੁੰਦਾ ਹੈ। ਬਹੁਤੇ ਤਾਂ ਕੱਚਾ ਧਨ ਹੀ ਕਮਾ ਕੇ ਆਪਣੇ ਆਪ ਨੂੰ ਸਫ਼ਲ ਵਾਪਾਰੀ ਸਮਝ ਬੈਠਦੇ ਹਨ। ਪਰ ਇਸ ਕੀਰਤਨ ਰੂਪੀ ਰਸ ਦੀ ਸੋਝੀ ਕੇਵਲ ਉਸੇ ਨੂੰ ਹੀ ਹੁੰਦੀ ਹੈ ਜਿਸਦੇ ਹਿਰਦੇ ਵਿਚ ਪਰਮਾਤਮਾ ਦੀ ਮਿਹਰ ਦਾ ਮੀਂਹ ਵਸ ਜਾਂਦਾ ਹੈ।

**ਜਾ ਕੈ ਹੀਐ ਪ੍ਰਗਟ ਪ੍ਰਭੁ ਹੋਆ**
**ਅਨ ਦਿਨ ਕੀਰਤਨੁ ਰਸਨ ਰਮੋਰੀ** (ਅੰਗ ੨੦੪)

**ਅਤੇ**

**ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪੀਵੈ**
(ਅੰਗ ੪੦੦)

ਜਦੋਂ ਮਨੁੱਖ ਦੇ ਹਿਰਦੈ ਵਿਚ ਪ੍ਰਭੂ ਦਾ ਵਾਸ ਹੋ ਜਾਂਦਾ ਹੈ ਤਾਂ ਕੀਰਤਨ ਦੁਆਰਾ ਆਤਮਾ ਪ੍ਰਗਤੀ ਦੇ ਪੜਾਵਾਂ ਤੇ ਚੜ੍ਹਦੀ ਹੋਈ ਆਪਣੀ ਮੰਜ਼ਿਲ ਤੇ ਪਹੁੰਚ ਜਾਂਦੀ ਹੈ ਭਾਵ ਆਪਣੇ ਅਸਲੇ (ਪ੍ਰਮਾਤਮਾ) ਨਾਲ ਇੱਕ-ਮਿੱਕ ਹੋ ਜਾਂਦੀ ਹੈ। ਫਿਰ ਉਸ ਨੂੰ ਦੁਨਿਆਵੀ ਦੁਖ ਪੋਹ ਨਹੀਂ ਸਕਦੇ। ਸਦਾ ਆਨੰਦ ਦੀ ਸਥਿਤੀ ਬਣੀ ਰਹਿੰਦੀ ਹੈ।

**ਹਰਿ ਕੀਰਤਨ ਸੁਨੈ ਹਰਿ ਕੀਰਤਨੁ ਗਾਵੈ।**
**ਤਿਸੁ ਜਨ ਦੂਖ ਨਿਕਟਿ ਨਹੀ ਆਵੈ॥** (ਅੰਗ ੧੯੦)

ਗੁਰਬਾਣੀ ਵਿਚ ਜਿੱਥੇ ਕੀਰਤਨ ਕਰਨ ਤੇ ਸੁਣਨ ਵਾਲੇ ਮਨੁੱਖ ਦੀ ਇਤਨੀ ਵਡਿਆਈ ਕੀਤੀ ਗਈ ਹੈ, ਹਰਿ ਕੀਰਤਨ ਕਰਨ ਵਾਲੇ ਅੱਗੇ ਆਪਣਾ ਸੀਸ ਭੇਟ ਕਰਨ ਬਾਰੇ ਕਿਹਾ ਹੈ, ਉੱਥੇ ਉਸ ਵਿਅਕਤੀ ਦਾ ਵੀ ਜ਼ਿਕਰ ਕੀਤਾ ਹੈ ਜੋ ਮਨੁੱਖਾ ਦੇਹੀ ਪਾ ਕੇ ਵੀ ਪ੍ਰਭੂ ਦੇ ਗੁਣ ਨਹੀਂ ਗਾਉਂਦੇ: ਅਜਿਹੇ ਵਿਅਕਤੀ ਨੂੰ ਮਹਾਂਮੂਰਖ, ਪਸ਼ੂਆਂ ਤੋਂ ਵੀ ਭੈੜਾ ਕਹਿੰਦੇ ਹੋਏ ਤਾੜਨਾ ਕੀਤੀ ਹੈ ਕਿ ਜਮਾਂ ਦੀ ਮਾਰ ਤੋਂ ਕੇਵਲ ਹਰਿ ਕੀਰਤਨ ਹੀ ਬਚਾ ਸਕਦਾ ਹੈ।

**ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨ।**
(ਅੰਗ ੭੨੬)

ਅਤੇ

**ਜੋ ਨ ਸੁਨਹਿ ਜਸੁ ਪਰਮਾਨੰਦਾ।**
**ਪਸੁ ਪੰਖੀ ਤ੍ਰਿਗਦ ਜੋਨ ਤੇ ਮੰਦਾ।** (ਅੰਗ ੧੮੯)

ਹਰਿ ਕੀਰਤਨ ਕਰਨ ਵਾਲਾ ਦੁਨਿਆਵੀ ਤੰਗ ਦਿਲ ਨਜ਼ਰੀਏ ਤੋਂ ਉਪਰ ਉਠ ਕੇ ਆਨੰਦ ਦੇ ਅਥਾਹ ਸਾਗਰ ਵਿਚ ਡੁਬਕੀਆਂ ਲਗਾਉਂਦਾ ਹੈ। ਗੁਰਬਾਣੀ ਵਿਚ ਕੀਰਤਨ ਨੂੰ ਅਜਿਹੇ ਨਿਰਮੋਲਕ ਹੀਰੇ, ਰਤਨ ਦਾ ਨਾਂ ਦਿੱਤਾ ਗਿਆ ਹੈ, ਜਿਸਨੂੰ ਸਿਰਫ ਹੰਸ ਰੂਪੀ ਗੁਰਸਿਖ ਹੀ ਚੁਗ ਸਕਦੇ ਹਨ; ਬਾਕੀ ਤਾਂ ਇਸ ਦੀ ਸਾਰ ਹੀ ਨਹੀਂ ਜਾਣਦੇ। (ਅੰਗ ੮੯੩)

**ਕੀਰਤਨ ਨਿਰਮੋਲਕ ਹੀਰਾ। ਆਨੰਦ ਗੁਣੀ ਗਹੀਰਾ॥**

ਅਤੇ

**ਰਤਨ ਪਦਾਰਥ ਗੁਰ ਸਬਦੁ ਕਰਿ ਕੀਰਤਨ ਖਾਹੁ॥** (ਅੰਗ ੭੨੬)

ਗੁਰ ਕਾ ਸਿਖ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਬੈਠਾ ਹੋਵੇ ਉਹ ਹਰ ਵੇਲੇ ਇਹੀ ਅਰਦਾਸ ਕਰਦਾ ਹੈ।

**ਮਨ ਮੈ ਚਿਤਵਉ ਚਿਤਵਨੀ ਉਦਮ ਕਰੋ ਉਠ ਨੀਤ।**
**ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੈ ਮੀਤ॥**

ਉਹ ਕਿਸੇ ਨਾ ਕਿਸੇ ਤਰੀਕੇ ਨਾਲ ਕੀਰਤਨ ਕਰਨ ਜਾਂ ਸੁਣਨ ਦੀ ਸਬੀਲ ਬਣਾ ਹੀ ਲੈਂਦਾ ਹੈ। ਇਹ ਕੀਰਤਨ ਅਜਿਹੀ ਰੰਗ ਦੀ ਮਟਕੀ ਵਾਂਗ ਹੈ ਜਿਸ ਵਿਚ ਗਾਵਣਹਾਰ ਤੇ ਸੁਣਨਹਾਰ ਦੋਵੇਂ ਹੀ ਰੰਗੇ ਜਾਂਦੇ ਹਨ। ਇਸ ਦਾ ਜਾਦੂ ਭਰਿਆ ਅਸਰ ਹਰ ਧਰਮ, ਜ਼ਾਤ, ਕੌਮ, ਦੇਸ਼ ਦੇ ਵਿਅਕਤੀ ਨੂੰ ਆਪਣੇ ਵੱਲ ਖਿੱਚਦਾ ਹੈ। ਕੀਰਤਨ ਦੀ ਵਜ੍ਹਾ ਨਾਲ ਹੀ ਦੇਸ਼ ਵਿਦੇਸ਼ ਵਿਚ ਵੀ ਸਿੱਖ ਆਪਸ ਵਿਚ ਜੁੜੇ ਹੋਏ ਹਨ। ਇਸੇ ਕੀਰਤਨ ਦੇ ਜਾਦੂ ਦੇ ਅਸਰ ਥੱਲੇ ਆਏ ਵੀਹਵੀਂ ਸਦੀ ਦੇ ਮਹਾਨ ਸੰਤ ਕਵੀ ਰਾਬਿੰਦਰ ਨਾਥ ਟੈਗੋਰ ਲਿਖਦੇ ਹਨ "ਮੈਂ ਗੀਤਾਂ ਦੇ ਆਸਰੇ ਹੀ ਤੇਰੀ ਹਜ਼ੂਰੀ ਵਿਚ ਬੈਠਣ ਦੇ ਯੋਗ ਹੋ ਸਕਿਆ ਹਾਂ ਪ੍ਰਾਣ ਦੇ ਕੇ ਵੀ ਮੈਨੂੰ ਤੇਰੇ ਪਾਸ ਬੈਠਣ ਦੀ ਜਗ੍ਹਾ ਨਹੀਂ ਮਿਲੀ ਲੇਕਿਨ ਕੀਰਤਨ ਤੇ ਗਾਨ ਦੇ ਸਦਕੇ ਮੈਂ ਤੇਰੇ ਚਰਨਾਂ ਨੂੰ ਛੂਹਣ ਦਾ ਸੁਭਾਗ ਪਾ ਰਿਹਾ ਹਾਂ।" ਇਹ ਹੈ ਕੀਰਤਨ ਦਾ ਪ੍ਰਭਾਵ। ਕੀਰਤਨ ਦੀ ਅਛੋਹ ਤੇ ਅਕੱਥ ਨਾਦ ਧੁਨੀ ਸਾਡੇ ਅੰਦਰਲੇ ਨੂੰ ਉਂਗਲ ਲਾ ਕੇ ਅਨੁਭਵ ਦੇ ਉਚੇਰੇ ਮੰਡਲਾਂ ਵਿਚ ਲੈ ਜਾਂਦੀ ਹੈ। ਤੇ ਇਕ ਵਾਰ ਅਜਿਹੇ ਅਗੰਮੀ ਸੁਆਦ ਵਿਚ ਸਰਸ਼ਾਰ ਹੋ ਚੁੱਕੀ ਜੀਵ ਆਤਮਾ ਹਰ ਪਲ ਇਹੋ ਹੀ ਜੋਦੜੀ ਕਰਦੀ ਹੈ :

**ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ।**
**ਗੁਣ ਗਾਵਾ ਦਿਨੁ ਰਾਤ ਨਾਨਕ ਚਾਓ ਏਹੁ॥**
(ਅੰਗ 762)


## ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ 50 ਸ਼ਬਦਾਂ ਦੀਆਂ ਪ੍ਰੋ: ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿਚ ਰਚੀਆਂ ਨਿਵਕੇਲੀਆਂ ਸੁਰ ਲਿਪੀਆਂ। ਇਹ ਪੁਸਤਕ ਕੀਰਤਨੀਆਂ ਅਤੇ ਸੰਗੀਤ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ।
**ਸੰਪਾਦਕ:** ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ: ਤਾਰਾ ਸਿੰਘ। ਡਾ. ਗੁਰਨਾਮ ਸਿੰਘ ਪੰਜਾਬੀ ਯੂਨੀ: ਪਟਿਆਲਾ
ਪ੍ਰਕਾਸ਼ਕ : ਅੰਮ੍ਰਿਤ ਕੀਤਰਨ ਟ੍ਰਸਟ, 422, ਸੈਕਟਰ 15-ਏ, ਚੰਡੀਗੜ੍ਹ- 160 015



**THE SIKH COURIER (INTERNATIONAL)**
A Journal of the Sikh Cultural Society of Great Britain
88 Mollison Way, Edgware, Middlesex (Greater London) U.K.

# ਹਿੰਦੁਸਤਾਨੀ ਸੰਗੀਤ ਵਿਚ ਪ੍ਰਚਲਿਤ ਗਾਇਨ-ਸ਼ੈਲੀਆਂ

**ਲੇਖਕ ਡਾ: ਦਰਸ਼ਨ ਸਿੰਘ ਨਰੂਲਾ**

**ਭੂਮਿਕਾ**

ਛੰਦ-ਬੱਧ ਜਾਂ ਛੰਦ-ਰਹਿਤ, ਉਹ ਕਵਿਤਾ ਜਿਸ ਨੂੰ ਗਾਇਆ ਜਾ ਸਕੇ ਅਤੇ ਜਿਸ ਨੂੰ ਸਰਵਣ ਕਰਕੇ ਸਰੋਤੇ ਆਨੰਦ ਅਨੁਭਵ ਕਰਨ ਉਸਨੂੰ 'ਗੀਤ' ਕਹਿੰਦੇ ਹਨ। ਗੀਤਾਂ ਦੇ ਅਨੇਕਾਂ ਪ੍ਰਕਾਰ ਹੁੰਦੇ ਹਨ, ਜਿਵੇਂ: ਸ਼ਾਸਤ੍ਰੀ-ਗੀਤ, ਲੋਕ-ਗੀਤ, ਫ਼ਿਲਮੀ-ਗੀਤ, ਭਗਤੀ-ਗੀਤ ਅਤੇ ਰਾਸ਼ਟ੍ਰੀ-ਗੀਤ ਆਦਿ। ਸ਼ਾਸਤ੍ਰੀ-ਗੀਤਾਂ ਦੀ ਗਾਇਕੀ ਨੂੰ ਗਾਇਨ ਸ਼ੈਲੀ ਕਿਹਾ ਜਾਂਦਾ ਹੈ ਕਿਉਂਕਿ ਇਨ੍ਹਾਂ ਦੀ ਇਕ, ਇਤਿਹਾਸਕ ਪ੍ਰੰਪਰਾ ਹੈ, ਜਿਸਦੇ ਲਈ ਵਿਸ਼ੇਸ਼ ਸਾਧਨਾਂ ਅਤੇ ਵਿਸ਼ੇਸ਼ ਨਿਯਮਾਂ ਦੀ ਪਾਲਣਾ ਕਰਨੀ ਹੁੰਦੀ ਹੈ। ਹਿੰਦੁਸਤਾਨੀ ਸੰਗੀਤ ਦੀਆਂ ਸ਼ਾਸਤ੍ਰੀ-ਗਾਇਨ ਸ਼ੈਲੀਆਂ, ਇਸ ਪ੍ਰਕਾਰ ਹਨ, ਜਿਵੇਂ-ਧਰੁਪਦ, ਧਮਾਰ, ਖਿਆਲ, ਠੁਮਰੀ, ਤਰਾਨਾ, ਚਤੁਰੰਗ, ਤ੍ਰਿਵਟ, ਦਾਦਰਾ, ਸਾਦਰਾ, ਰਾਗ-ਧਿਆਨ, ਰਾਗ-ਮਾਲਾ ਅਤੇ ਟੱਪਾ ਗਾਇਕੀ ਆਦਿ। ਇਨ੍ਹਾਂ ਵਿਚੋਂ ਵਧੇਰੇ ਪ੍ਰਚੱਲਿਤ ਗਾਇਨ ਸ਼ੈਲੀਆਂ ਇਸ ਪ੍ਰਕਾਰ ਹਨ:
1. ਧਰੁਪਦ ਗਾਇਨ ਸ਼ੈਲੀ 2. ਧਮਾਰ ਗਾਇਨ ਸ਼ੈਲੀ 3. ਖਿਆਲ ਗਾਇਨ ਸ਼ੈਲੀ 4. ਠੁਮਰੀ ਗਾਇਨ ਸ਼ੈਲੀ 5. ਤਰਾਨਾ ਗਾਇਨ -ਸ਼ੈਲੀ

**ਰੂਪ-ਰੇਖਾ** : ਧਰੁਪਦ-ਗਾਇਕੀ (ਧਰੁਵ-ਪਦ): ਅਰਥਾਤ- ਉਹ ਨਿਸਚਤ ਪਦ, ਜੋ ਨਿਸ਼ਚਤ ਸੁਰ ਰਚਨਾ ਵਿਚ, ਅਤੇ ਕੁਝ ਨਿਸ਼ਚਤ ਵਿਸ਼ੇਸ਼ ਤਾਲਾਂ ਵਿਚ ਗਾਇਆ ਜਾਵੇ, ਜਿਵੇਂ: ਚਾਰਤਾਲ, ਸੂਲਤਾਲ, ਤੇਵਟਾ, ਰੁੱਦਰ ਤਾਲ, ਬ੍ਰਹਮ-ਤਾਲ ਅਤੇ ਝੰਪਾ ਆਦਿ। ਧਰੁਪਦ ਇਕ ਜ਼ੋਰਦਾਰ ਅਤੇ ਮਰਦਾਨਾ ਗਾਇਕੀ ਹੈ। ਇਸ ਦੇ ਚਾਰ ਭਾਗ ਹੁੰਦੇ ਹਨ: ਸਥਾਈ, ਅੰਤਰਾ, ਸੰਚਾਰੀ ਅਤੇ ਆਭੋਗ। ਇਸ ਗਾਇਕੀ ਦੇ ਤਾਲਬੱਧ ਰੂਪ ਵਿਚ ਆਲਾਪ, ਤਾਨ ਵਗੈਰਾ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ। ਪਰੰਤੂ ਇਸ ਦੇ ਆਰੰਭ ਵਿਚ ਇਕ ਵਿਸ਼ੇਸ਼ ਪ੍ਰਕਾਰ ਦਾ ਆਲਾਪ ਕੀਤਾ ਜਾਂਦਾ ਹੈ। ਜਿਸ ਨੂੰ 'ਨੋਮ-ਤੋਮ' ਦਾ ਆਲਾਪ ਕਹਿੰਦੇ ਹਨ। ਇਹ ਵੀ ਚਾਰ ਭਾਗਾਂ ਵਿਚ ਅਤੇ ਚਾਰ ਲੈਕਾਰੀਆਂ (ਵਿਲੰਬਤ, ਮੱਧ, ਦਰੁੱਤ, ਅਤੀ ਦੁਰੱਤ) ਵਿਚ ਕੀਤਾ ਜਾਂਦਾ ਹੈ, ਇਸੇ ਕਰਕੇ ਧਰੁਪਦ ਦੀ ਗਾਇਕੀ ਵਿਚ 'ਆਲਾਪ-ਤਾਨਾਂ' ਦੀ ਗੁੰਜਾਇਸ਼ ਨਹੀਂ ਰਹਿੰਦੀ, ਕੇਵਲ ਵੱਖ ਵੱਖ ਲੈਕਾਰੀਆਂ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ, ਜਿਵੇ : ਦੁੱਗਣ, ਤਿੱਗੁਣ, ਚੋਗੁਣ, ਆੜ, ਕੁਅਤ ਤੇ ਵਿਆੜ ਆਦਿ। ਇਹੀ ਕਾਰਣ ਹੈ ਕਿ ਧਰੁਪਦ ਗਾਇਕੀ ਕਾਫੀ ਕਠਿਨ ਹੁੰਦੀ ਹੈ, ਪਰ ਇਸਦੀ ਸਿੱਖਿਆ ਜਾਂ ਅਭਿਆਸ ਕਰਨ ਨਾਲ ਰਾਗ, ਤਾਲ, ਸੁਰ ਅਤੇ ਲੈ ਤੇ ਪੂਰਾ ਅਧਿਕਾਰ ਹੋ ਜਾਂਦਾ ਹੈ, ਕਿਉਂਕਿ ਇਸ ਵਿਚ ਸੁਰ, ਤਾਲ, ਰਾਗ ਲੈ, ਅਤੇ ਸ਼ਬਦ-ਉਚਾਰਣ (pronunciation) ਦੀ ਸ਼ੁੱਧਤਾ ਤੇ ਵਿਸ਼ੇਸ਼ ਜ਼ੋਰ ਦਿਤਾ ਜਾਂਦਾ ਹੈ।

**ਮਹੱਤਵ:**

ਇਸ ਗਾਇਕੀ ਵਿਚ ਕੰਠ ਅਤੇ ਦਿਮਾਗੀ ਕਸਰਤ ਜ਼ਿਆਦਾ ਹੁੰਦੀ ਹੈ, ਪਰ ਮਾਨਸਿਕ ਭਾਵਾਂ ਦੀ ਤ੍ਰਿਪਤੀ ਨਾ ਹੋਣ ਕਾਰਨ 'ਭਾਵ-ਪੱਖ' ਪੂਰਨ ਰੂਪ ਵਿਚ ਸਾਕਾਰ ਨਹੀਂ ਹੁੰਦਾ, ਇਸੇ ਕਰਕੇ, 'ਰਸ' ਜਾਂ ਆਨੰਦਮਈ ਖਿਚ ਦੀ ਕਮੀ ਰਹਿ ਜਾਂਦੀ ਹੈ, ਗਿਣਤੀ-ਮਿਣਤੀ ਤਿਹਾਈਆਂ, ਲੈਕਾਰੀਆਂ ਅਤੇ ਸਥਾਈ ਅੰਤਰੇ ਦੇ ਬਾਰ ਬਾਰ ਦੁਹਰਾਉ ਦੇ ਕਾਰਣ ਅਤੇ ਸਰੋਤਿਆਂ ਦੀ ਸੰਗੀਤਕ-ਤਕਨੀਕ ਤੋਂ ਅਗਿਆਨਤਾ ਹੋਣ ਕਾਰਣ ਇਹ ਗਾਇਕੀ ਵਰਤਮਾਨ ਕਾਲ ਵਿਚ ਲੋਕਪ੍ਰਿਅ ਨਹੀਂ ਹੈ। ਪਰ ਸੰਗੀਤ ਸਿੱਖਿਆ ਵਿਚ ਅਜੇ ਵੀ ਇਸ ਦਾ ਮਹੱਤਵ ਪੂਰਣ ਸਥਾਨ ਹੈ।

**ਪ੍ਰਿਸ਼ਠਭੂਮੀ**

ਧਰੁਪਦ ਗਾਇਕੀ ਦਾ ਵਿਕਾਸ ਪ੍ਰਾਚੀਨ ਸੰਗੀਤ ਦੇ 'ਪ੍ਰਬੰਧ-ਗਾਇਨ' ਤੋਂ ਹੋਇਆ। ਮੱਧਕਾਲ ਵਿਚ ਵਿਸ਼ੇਸ਼ ਕਰਕੇ 15ਵੀਂ ਸਦੀ ਤੋਂ 18ਵੀਂ ਸਦੀ ਤਕ 'ਧਰੁਪਦ' ਦੀ ਲੋਕਪ੍ਰਿਅਤਾ ਸਿਖਰ ਤੇ ਸੀ।

ਅਕਬਰ ਦੇ ਦਰਬਾਰੀ ਸੰਗੀਤਕਾਰ ਪ੍ਰਮੁਖ ਰੂਪ ਵਿਚ 'ਧਰੁਪਦ' ਗਾਇਕ ਸਨ। ਜਿਨ੍ਹਾਂ ਨੂੰ ਧਰੁਪਦੀਏ (ਧਰੁਪਦ-ਗਾਉਣ ਵਾਲੇ) ਕਿਹਾ ਜਾਂਦਾ ਸੀ। ਅਨੇਕਾਂ ਗ੍ਰੰਥਕਾਰਾਂ ਦਾ ਮਤ ਹੈ ਕਿ ਰਾਜਾ ਮਾਨ ਸਿੰਘ ਤੋਮਰ (ਗਵਾਲੀਅਰ) ਨੇ ਧਰੁਪਦ ਗਾਇਕੀ ਨੂੰ ਪ੍ਰਚੱਲਿਤ ਕੀਤਾ ਜਾਂ ਨਵੀਨਤਾ ਦਿੱਤੀ। ਸੁਆਮੀ ਹਰੀਦਾਸ, ਤਾਨਸੇਨ, ਬੈਜੂਬਾਵਰਾ, ਤੇ ਗੋਪਾਲ ਨਾਇਕ ਵਗੈਰਾ ਮੱਧਕਾਲ ਦੇ ਸ਼ਰੋਮਣੀ ਧਰੁਪਦ-ਗਾਇਕ ਸਨ। ਅਨੇਕਾਂ ਗਰੰਥਕਾਰਾਂ ਨੇ ਉਪਰੋਕਤ ਸੰਬੰਧ ਵਿਚ ਆਪਣੀ ਰਾਇ ਇਸ ਪ੍ਰਕਾਰ ਦਿੱਤੀ ਹੈ:

ਰਾਜਾ ਮਾਨ ਸਿੰਘ ਗਵਾਲੀਅਰ ਦਾ ਸ਼ਾਸਕ ਸੀ, ਅਤੇ ਉਸਦਾ ਸੰਗੀਤ ਵਿਸ਼ੇ ਦਾ ਗਿਆਨ, ਤੇ ਕੀਰਤਿ ਅਨੁਪਮ ਹੈ। ਕਹਿੰਦੇ ਹਨ ਕਿ ਸਭ ਤੋਂ ਪਹਿਲਾਂ ਧਰੁਪਦ ਦਾ ਅਵਿਸ਼ਕਾਰ ਰਾਜਾ ਮਾਨ ਸਿੰਘ ਤੋਮਰ ਨੇ ਕੀਤਾ ਸੀ।

'ਗਵਲੀਅਰ ਦੇ ਰਾਜਾ ਮਾਨ ਸਿੰਘ ਤੋਮਰ (1486-1526 ਈ.) ਨੇ ਧਰੁਪਦ ਗਾਇਕੀ ਨੂੰ ਉੱਚਾ ਉਠਾਉਣ ਵਿਚ ਬੜਾ ਉਤਸ਼ਾਹ ਦਿਤਾ। ਕਈ ਵਿਦਵਾਨਾਂ ਦਾ ਮੱਤ ਹੈ ਕਿ ਧਰੁਪਦ ਗਾਇਕੀ ਦਾ ਅਵਿਸ਼ਕਾਰ ਇਹਨਾਂ ਨੇ ਕੀਤਾ।

'ਧਰੁਪਦ ਗਾਇਕੀ ਕਦੋਂ ਆਰੰਭ ਹੋਈ, ਇਹ ਅਜੇ ਠੀਕ ਠੀਕ ਨਹੀਂ ਕਿਹਾ ਜਾ ਸਕਦਾ। ਫਿਰ ਵੀ ਪਿਛਲੇ ਪੰਜ ਸੋ ਸਾਲਾਂ ਤੋਂ ਉੱਤਰ ਵਲ ਲੋਕਪ੍ਰਿਯ ਹੈ, ਇਹ ਕਹਿਣ ਲਈ ਇਤਿਹਾਸਕ ਆਧਾਰ ਹਨ। ਅਕਬਰ ਦੇ ਦਰਬਾਰ ਵਿਚ ਜੋ ਪ੍ਰਸਿਧ ਗਾਇਕ ਸਨ ਉਹ ਸਾਰੇ ਧਰੁਪਦੀਏ, ਅਰਥਾਤ ਧਰੁਪਦ ਗਾਉਣ ਵਾਲੇ ਹੀ ਹੁੰਦੇ ਸਨ।

**ਸਾਰ-ਅੰਸ਼:**

ਸੋ ਇਹ ਮੰਨਣ ਵਿਚ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ ਕਿ ਧਰੁਪਦ ਗਾਇਨ ਸ਼ੈਲੀ ਦਾ ਵਿਕਾਸ-ਪ੍ਰਾਚੀਨ ਪ੍ਰਬੰਧ-ਗਾਨ ਤੋਂ ਹੋਇਆ। ਇਸ ਗਾਇਨ ਸ਼ੈਲੀ ਨੂੰ ਪਚਲਿਤ ਬਨਾਉਣ ਵਿਚ ਰਾਜਾ ਮਾਨ ਸਿੰਘ ਤੋਮਰ ਅਤੇ ਸਵਾਮੀ ਹਰਿਦਾਸ ਦਾ ਮਹੱਤਵਪੂਰਨ ਯੋਗਦਾਨ ਹੈ। ਇਹਨਾਂ ਦੋਹਾਂ ਦੇ ਲਿਖੇ ਹੋਏ ਧਰੁਪਦਾਂ ਤੋਂ ਇਲਾਵਾਂ ਕ੍ਰਿਸ਼ਨ ਭਗਤੀ ਸੰਗੀਤਕਾਰਾਂ, ਅਸ਼ਟ ਛਾਪ, ਵੈਸ਼ਣਵ ਧਰਮ ਅਤੇ ਗੁਰਬਾਣੀ ਦੀਆਂ ਰਚਨਾਵਾਂ ਵਿਚ ਵੀ ਅਨੇਕਾਂ

ਧਰੁਪਦ (ਅਸ਼ਟਪਦ) ਜਾਂ ਧਰੁਪਦ ਸ਼ੈਲੀ ਦੀਆਂ ਰਚਨਾਵਾਂ ਉਪਲਬੱਧ ਹਨ।

ਵਰਤਮਾਨ ਕਾਲ ਵਿਚ ਵੀ ਧਰੁਪਦ ਇਕ ਗੰਭੀਰ ਗੀਤ ਸ਼ੈਲੀ ਮੰਨੀ ਜਾਂਦੀ ਹੈ ਪਰ ਅੱਜ ਕਲ ਜ਼ਿਆਦਾ ਕਰਕੇ ਇਸਦੇ ਦੋ ਭਾਗ ਹੀ ਗਾਏ ਜਾਂਦੇ ਹਨ- ਸਥਾਈ ਤੇ ਅੰਤਰਾ। ਇਹ ਗੀਤ ਸੰਸਕ੍ਰਿਤ, ਹਿੰਦੀ, ਬ੍ਰਿਜ ਅਤੇ ਪੰਜਾਬੀ ਭਾਸ਼ਾ ਵਿਚ ਵੀ ਉਪਲਬਧ ਹਨ। ਧਰੁਪਦ ਗਾਇਕੀ ਦੀ ਸੰਗਤ ਮਰਦੰਗ ਜਾਂ ਪਖਾਵਜ ਨਾਲ ਕੀਤੀ ਜਾਂਦੀ ਹੈ। ਪਰ ਅਜ ਕਲ ਤਬਲੇ ਉਤੇ 'ਖੁਲ੍ਹੇ-ਬੁਲ' ਵਜਾ ਕੇ ਵੀ ਸੰਗਤ ਕੀਤੀ ਜਾਂਦੀ ਹੈ, ਕਿਉਂਕਿ ਮਰਦੰਗ ਤੇ ਪਖਾਵਜ ਉਤੱਰੀ-ਸੰਗੀਤ ਪ੍ਰਣਾਲੀ ਵਿਚ ਪ੍ਰਚੱਲਿਤ ਨਹੀਂ ਹਨ, ਧਰੁਪਦ ਗਾਇਕਾਂ ਦੇ ਆਪਣੇ ਘਰਾਣੇ ਹਨ ਜੋ ਵੱਖ ਵੱਖ ਸ਼ੈਲੀਆਂ ਉੱਤੇ ਅਧਾਰਤਿ ਹਨ। ਇਹਨਾਂ ਸ਼ੈਲੀਆਂ ਨੂੰ 'ਵਾਣੀ' ਜਾਂ 'ਬਾਣੀ' ਕਿਹਾ ਜਾਂਦਾ ਹੈ। 'ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਉਸ ਸਮੇਂ ਚਾਰ ਮਹਾਂਗੁਣੀ ਸਨ : 1. ਤਾਨਸੇਨ 2. ਬ੍ਰਿਜ ਚੰਦ ਬ੍ਰਾਹਮਣ (ਡਾਗੁਰ ਪਿੰਡ ਦਾ ਨਿਵਾਸੀ) 3. ਰਾਜਾ ਸਮੋਖਨ ਸਿੰਘ ਵੀਣਾਕਾਰ (ਖੰਡਹਰ ਪਿੰਡ ਦਾ ਨਿਵਾਸੀ) 4. ਸ੍ਰੀ ਚੰਦ ਰਾਜਪੂਤ (ਨੋਹਾਰ ਨਿਵਾਸੀ)। ਚਾਰ ਵਾਣੀਆਂ ਪ੍ਰਸਿੱਧ ਸਨ। ਤਾਨਸੇਨ ਗੌੜ ਬ੍ਰਾਹਮਣ ਸੀ ਇਸ ਲਈ ਉਸਦੀ ਸ਼ੈਲੀ ਦਾ ਨਾਮ ਗੋੜੀਯ ਜਾਂ ਗੋਬਰਹਾਰੀ ਪੈ ਗਿਆ। ਪ੍ਰਸਿੱਧ ਵੀਣਾਕਾਰ, ਸਮੋਖਨ ਸਿੰਘ ਦੀ ਸ਼ਾਦੀ ਤਾਨਸੇਨ ਦੀ ਲੜਕੀ ਨਾਲ ਹੋਈ। ਸ਼ਾਦੀ ਉਪਰੰਤ ਉਸਦਾ ਨਾਮ ਨੋਬਾਦਖਾਂ ਹੋ ਗਿਆ। ਨੋਬਾਦਖਾਂ ਦਾ ਨਿਵਾਸ ਸਥਾਨ ਖੰਡਹਰ ਸੀ, ਸੋ ਉਸਦੀ ਸ਼ੈਲੀ ਦਾ ਨਾਮ ਖੰਡਹਰ ਪੈ ਗਿਆ। ਬ੍ਰਿਜ ਚੰਦ ਦੇ ਨਿਵਾਸ-ਸਥਾਨ ਅਨੁਸਾਰ ਉਸਦੀ ਵਾਣੀ ਨਾਮ ਡਾਗੁਰ ਵਾਣੀ ਅਤੇ ਸ੍ਰੀ ਚੰਦ ਨੋਹਾਰ ਹੋਣ ਕਾਰਨ 'ਨਹਾਰ-ਵਾਣੀ' ਦੇ ਨਾਮ ਨਾਲ ਪ੍ਰਸਿੱਧ ਹੋਏ।'

**ਧਮਾਰ:** ਧਰੁਪਦ ਸ਼ੈਲੀ ਤੋਂ ਬਾਅਦ ਜਾਂ ਧਰੁਪਦ ਕਾਲ ਵਿਚ ਹੀ ਧਮਾਰ ਗਾਇਨ ਸ਼ੈਲੀ ਹੋਂਦ ਵਿਚ ਆਈ। ਇਸੇ ਨੂੰ 'ਹੋਰੀ' ਵੀ ਕਿਹਾ ਜਾਂਦਾ ਹੈ, ਅਰਥਾਤ ਇਸ ਗੀਤ ਵਿਚ 'ਹੋਲੀ' ਜਾਂ ਸ਼੍ਰੀ ਕ੍ਰਿਸ਼ਨ ਜੀ ਦੀਆਂ ਫੱਗਣ ਮਹੀਨੇ ਦੀਆਂ ਲੀਲਾਵਾਂ ਦਾ ਵਰਨਣ ਹੁੰਦਾ ਹੈ। ਇਹ ਗੀਤ ਧਮਾਰ ਤਾਲ ਵਿਚ ਗਾਇਆ ਜਾਂਦਾ ਹੈ, ਇਸੇ ਕਰਕੇ ਇਸ ਨੂੰ 'ਧਮਾਰ-ਗਾਇਕੀ' ਕਿਹਾ ਜਾਂਦਾ ਹੈ। ਕਈ ਲੋਕ 'ਹੋਰੀ' ਗੀਤ ਨੂੰ ਦੀਪ ਚੰਦੀ, ਚੰਚਲ, ਦਾਦਰਾ, ਜਾਂ ਰੂਪਕ ਵਿਚ ਵੀ ਗਾਉਂਦੇ ਹਨ, ਪਰ ਉਹ ਇਕ ਲੋਕਗੀਤ ਹੈ ਜੋ ਰਾਜਿਸਥਾਨ, ਹਰਿਆਣਾ, ਜਾਂ ਹਿਮਾਚਲ ਵਿਚ ਪ੍ਰਚਲਿਤ ਹੈ। ਸ਼ਾਸਤ੍ਰੀ ਸੰਗੀਤ ਦੀ ਸ਼ੁੱਧ-ਸ਼ੈਲੀ ਵਾਲਾ ਧਮਾਰ ਗੀਤ, ਧਮਾਰ ਤਾਲ ਵਿਚ ਹੀ ਗਾਇਆ ਜਾਂਦਾ ਹੈ ਅਤੇ ਗਾਉਣਾ ਚਾਹੀਦਾ ਹੈ।

**'ਹੋਰੀ'** : ਹੋਰੀ ਨੂੰ ਧਮਾਰ ਤਾਲ ਵਿਚ ਗਾਉਂਦੇ ਹਨ। ਇਸ ਨੂੰ ਧਰੁਪਦ ਦੇ ਕਾਲਵੰਤ ਹੀ ਗਾਉਂਦੇ ਹਨ। ਇਸ ਦੀ ਕਵਿਤਾ ਵਿਚ ਜ਼ਿਆਦਾ ਕਰਕੇ ਕ੍ਰਿਸ਼ਨ ਅਤੇ ਗੋਪੀਆਂ ਦੀ ਲੀਲਾ ਦਾ ਵਰਨਣ ਰਹਿੰਦਾ ਹੈ। ਧਮਾਰ ਤਾਲ ਵਿਚ ਹੋਣ ਕਾਰਣ ਕਦੇ-ਕਦੇ ਲੋਕ ਇਸ ਨੂੰ ਕੇਵਲ 'ਧਮਾਰ' ਹੀ ਕਹਿ ਦੇਂਦੇ ਹਨ। ਗਾਇਕ ਇਸ ਨੂੰ ਪਹਿਲਾਂ ਵਿਲੰਬਤ ਲੈ ਵਿਚ ਗਾਉਂਦੇ ਹਨ, ਫਿਰ ਦੁੱਗਣ, ਤਿੱਗੁਣ, ਚੌਗਬਣ ਲੈ ਵਿਚ ਗਾਉਂਦੇ ਹਨ। ਇਸ ਵਿਚ ਤਾਨਾ ਨਹੀਂ ਲੈਂਦੇ।

ਪਰੰਪਰਾਗਤ ਰੂਪ ਵਿਚ ਹੋਰੀ ਨੂੰ 'ਧਮਾਰ' ਤਾਲ ਵਿਚ ਹੀ ਗਾਉਂਦੇ ਚਲੇ ਆ ਰਹੇ ਹਨ, ਅਤੇ ਗਾਇਕਾਂ ਦੀ ਪਰਿਭਾਸ਼ਾ ਵਿਚ 'ਹੋਰੀ' ਤੋਂ ਇਹੀ ਸਮਝਿਆ ਜਾਂਦਾ ਹੈ ਪਰੰਤੂ ਅਜ ਕਲ ਜਿਸ ਕਵਿਤਾ ਵਿਚ 'ਹੋਲੀ' ਦਾ ਵਰਨਣ ਹੁੰਦਾ ਹੈ, ਚਾਹੇ ਉਹ ਕਿਸੇ ਵੀ ਤਾਲ ਵਿਚ ਹੋਵੇ, ਉਸ ਨੂੰ 'ਹੋਰੀ' ਕਹਿ ਬੈਠਦੇ ਹਨ।

ਕ੍ਰਿਸ਼ਨ ਭਗਤੀ ਦੇ ਸੰਗੀਤਕਾਰ ਜਿਵੇਂ ਸਵਾਮੀ ਹਰਿਦਾਸ, ਮੀਰਾ ਬਾਈ ਤੇ ਸੂਰਦਾਸ ਵਗੈਰਾ ਦੇ ਅਨੇਕਾਂ 'ਧਮਾਰ' ਉਪਲਬਧ ਹਨ। ਇਹ ਧਰੁਪਦ ਵਾਂਗ ਇਕ ਕਠਿਨ ਗਾਇਕੀ ਹੈ। ਕਈ ਵਿਦਵਾਨਾਂ ਦੀ ਰਾਇ ਹੈ ਕਿ ਧਰੁਪਦ ਅਤੇ ਧਮਾਰ ਦੀ ਸਿੱਖਿਆ ਦੇਣ ਵਿਚ ਬੈਜੂ ਦਾ ਕਾਫੀ ਯੋਗਦਾਨ ਸੀ।

ਸਭ ਤੋਂ ਵੱਧ ਪ੍ਰਸਿੱਧ ਸੰਗੀਤਕਾਰ ਬੈਜੂ ਬਾਵਰਾ, ਰਾਜਾ ਮਾਨ ਸਿੰਘ ਦੇ ਦਰਬਾਰ ਵਿਚ ਰਹਿੰਦਾ ਸੀ। ਉਸਦਾ ਪੂਰਾ ਨਾਮ ਬੈਜ ਨਾਥ ਸੀ, ਜਾਤੀ ਦਾ ਬ੍ਰਾਹਮਣ ਸੀ। ਕਿਹਾ ਜਾਂਦਾ ਹੈ ਕਿ ਬੈਜੂ ਬਾਵਰਾ ਦਾ 'ਕਲਾ' ਨਾਮ ਦੀ ਲੜਕੀ ਨਾਲ ਪਿਆਰ ਹੋ ਗਿਆ। ਇਸ ਪ੍ਰੇਮ-ਕਹਾਣੀ ਦੇ ਵਿਛੋੜੇ ਵਿਚ ਉਹ ਬਾਵਰਾ ਬਣਿਆ। ਰਾਣੀ ਮਿਗ੍ਰਨੈਨੀ ਵੀ ਬੈਜੂ ਬਾਵਰਾ ਦੀ ਸ਼ਿਸ਼ ਸੀ।

ਗਵਾਲੀਅਰ ਕਿਲੇ ਦੇ ਅੰਦਰ, ਗੁਜਰੀ ਮਹਿਲ ਵਿਚ 'ਮਾਨ ਮੰਦਿਰ' (ਸੰਗੀਤ ਵਿਦਿਆਲਿਆ) ਜਿੱਥੇ ਧਰੁਪਦ ਅਤੇ ਧਮਾਰ ਗਾਇਕੀ ਦੀ ਸਿੱਖਿਆ ਦਿਤੀ ਜਾਂਦੀ ਸੀ, ਅਜ ਵੀ ਪ੍ਰਸਿਧ ਹੈ। ਬੈਜੂ-ਬਾਵਰਾ, ਮਾਨ ਸਿੰਘ, ਮਿਗ੍ਰਨੈਨੀ ਦੇ ਗਾਇਕ ਸਨ।'

ਇਸ ਦੀ ਗਾਇਕ, ਧਰੁਪਦ ਗਾਇਕ ਨਾਲ ਮਿਲਦੀ ਜੁਲਦੀ ਹੈ, ਪਰੰਤੂ ਇਸਦੇ ਆਰੰਭ ਵਿਚ 'ਨੋਮ-ਤੋਮ' ਦਾ ਆਲਾਪ ਨਹੀਂ ਕੀਤਾ ਜਾਂਦਾ ਨਾ ਹੀ ਇਸ ਵਿਚ 'ਧਰਮੁਦ' ਵਰਗੀ ਗੰਭੀਰਤਾ ਹੁੰਦੀ ਹੈ।

ਖ਼ਿਆਲ ਗਾਇਨ ਸ਼ੈਲੀ:

**ਖ਼ਿਆਲ** : 'ਖ਼ਿਆਲ' ਸ਼ਬਦ ਅਰਬੀ, ਫਾਰਸੀ ਅਤੇ ਉਰਦੂ ਭਾਸ਼ਾ ਵਿਚ ਆਮ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦੀ ਉਤਪਤੀ ਅਤੇ ਵਿਕਾਸ ਬਾਰੇ ਅਨੇਕਾਂ ਮਤਭੇਦ ਹਨ। ਕਈ ਵਿਦਵਾਨਾਂ ਨੇ ਖਿਆਲ ਦਾ ਅਵਿਸ਼ਕਾਰ ਮੁਹੰਮਦ ਸ਼ਾਹ ਰੰਗੀਲੇ, ਕਈਆਂ ਨੇ ਅਮੀਰ ਖੁਸਰੋ ਅਤੇ ਕਈਆਂ ਨੇ ਸਦਾ ਰੰਗ ਅਦਾਰੰਗ ਨੂੰ ਮੰਨਿਆ ਹੈ।

ਪ੍ਰਾਚੀਨ ਨਿਬੱਧ ਗਾਨ ਦੇ ਅੰਤਰਗਤ ਰੂਪਕ ਅਤੇ ਆਲਾਪਤੀਗਾਨ ਦੀਆਂ ਸ਼ੈਲੀਆਂ ਦਾ ਪਰੰਪਰਾਗਤ ਰੂਪ ਹੀ 'ਖਿਆਲ' ਦੇ ਰੂਪ ਵਿਚ ਵਿਕਾਸਸ਼ੀਲ ਹੋਇਆ। ਪਰੰਤੂ ਇਸ ਸੰਬੰਧ ਵਿਚ ਅਜੇ ਸਰਵ ਸੰਮਤੀ ਦੀ ਜ਼ਰੂਰਤ ਹੈ।

ਖ਼ਿਆਲ ਗਾਇਕੀ ਦੀ ਉਤਪਤੀ ਅਤੇ ਵਿਕਾਸ ਦਾ ਸਿਹਰਾ ਕਿਸੇ ਇਕ ਵਿਅਕਤੀ ਨੂੰ ਨਹੀਂ ਦਿਤਾ ਜਾ ਸਕਦਾ ਕਿਉਂਕਿ ਇਸ ਸ਼ੈਲੀ ਦੇ ਵਿਕਾਸ ਵਿਚ ਅਤੇ ਲੋਕਪ੍ਰਿਅ ਇਸ ਨੂੰ ਕਰਨ ਵਿਚ ਅਨੇਕਾਂ ਸਮਿਆਂ ਵਿਚ ਵੱਖ ਵੱਖ ਸੰਗੀਤਕਾਰਾਂ ਨੇ ਆਪਣਾ ਯੋਗਦਾਨ ਪਾਇਆ। ਸ੍ਰੀ ਭਾਤਖੰਡੇ ਨੇ ਠੀਕ ਲਿਖਿਆ ਹੈ:

ਸਾਡੇ ਵਿਚਾਰ ਅਨੁਸਾਰ ਇਹ ਮੰਨਣਾ ਤਰਕ ਸੰਗਤ ਪ੍ਰਤੀਤ ਨਹੀਂ ਹੁੰਦਾ ਕਿ ਫਲਾਣੇ ਵਿਅਕਤੀ ਨੇ 'ਖ਼ਿਆਲ' ਉਤਪੰਨ ਕਰਕੇ, ਉਸ ਦਾ ਪ੍ਰਚਾਰ ਕੀਤਾ। ਖ਼ਿਆਲ ਸ਼ੈਲੀ ਵਰਗਾ ਗਾਣਾ ਪਹਿਲਾਂ ਵੀ ਸਮਾਜ ਵਿਚ ਪ੍ਰਚੱਲਿਤ ਚਲਿਆ ਆ ਰਿਹਾ ਸੀ

ਪਰ ਉਹ ਸਮਾਜ ਵਿਚ ਸਭ ਦੀ ਪਸੰਦ ਅਨੁਸਾਰ ਨਹੀਂ ਸੀ। ਅੱਗੇ ਚਲ ਕੇ ਸੁਲਤਾਨ ਹੁਸੈਨ ਨੇ ਇਸ ਗਾਣੇ ਨੂੰ ਪਸੰਦ ਕੀਤਾ। ਉਸਨੇ ਗਾਇਕਾਂ ਨੂੰ ਉਤਸਹਿਤ ਕੀਤਾ ਅਤੇ ਇਸ ਲਈ ਉਸਦਾ ਪ੍ਰਚਾਰ ਵਧੇਰੇ ਹੋ ਗਿਆ। ਇਹੀ ਸਭ ਨੂੰ ਮੰਨਣਾ ਚਾਹੀਦਾ ਹੈ।

ਇਵੇਂ ਹੀ ਅਮੀਰ ਖੁਸਰੋ ਦੀਆਂ ਗਾਇਨ ਸ਼ੈਲੀਆਂ ਅਤੇ ਗੋਪਾਲ ਨਾਇਕ ਨਾਲ ਸੰਗੀਤਕਾਰ ਪ੍ਰਤੀਯੋਗਤਾ ਬਾਰੇ ਲਿਖਿਆ ਹੈ :

ਐਸਾ ਕਿਹਾ ਜਾਂਦਾ ਹੈ ਕਿ ਜਦੋਂ ਗੋਪਾਲ ਦਿੱਲੀ ਦੇ ਦਰਬਾਰ ਵਿਚ ਆਇਆ ਤਾਂ ਉਸ ਨੇ ਉਸ ਸ਼ਰੇਣੀ ਦਾ ਗਾਇਨ ਕੀਤਾ ਜਿਸਨੂੰ 'ਗੀਤ' ਕਹਿੰਦੇ ਹਨ। ਉਸ ਵਰਗੇ ਯੋਗ, ਸ਼ਕਤੀਸ਼ਾਲੀ ਤੇ ਅਤਿਅੰਤ ਮਧੁਰ ਕੰਠ ਵਾਲੇ ਸੰਗੀਤਕਾਰ ਦੀ ਉਸ ਸ਼ੈਲੀ ਦਾ ਸੌਂਦਰਯ (ਸੁਹਜ) ਨਿੱਖਰ ਉਠਿਆ। ਇਸ ਮੌਕੇ ਤੇ ਬਾਦਸ਼ਾਹ ਨੇ ਅਮੀਰ ਖੁਸਰੋ ਨੂੰ ਆਪਣੇ ਸਿੰਘਾਸਨ ਦੇ ਨੀਚੇ ਛੁਪੇ ਰਹਿਣ ਦਾ ਹੁਕਮ ਕੀਤਾ ਤੇ ਜਿਥੋਂ ਉਹ ਅਦ੍ਰਿਸ਼ ਰੂਪ ਵਿਚ ਉਸ ਸੰਗੀਤਕਾਰ ਨੂੰ ਸੁਣ ਸਕੇ। ਖੁਸਰੋ ਨੇ ਉਸਦੀ ਸ਼ੈਲੀ ਨੂੰ ਸੁਣ ਕੇ ਯਾਦ ਰੱਖਣ ਦਾ ਯਤਨ ਕੀਤਾ ਅਤੇ ਇਕ ਦਿਨ ਗੋਪਾਲ ਨਾਇਕ ਨੂੰ ਹੈਰਾਨ ਕਰਦੇ ਹੋਏ ਉਸੇ ਦੀਆਂ ਸ਼ੈਲੀਆਂ ਵਿਚ ਉਸ ਨੇ ਕੱਵਾਲੀ ਅਤੇ ਤਰਾਨਾ ਗਾਇਆ। ਇਸ ਤਰ੍ਹਾਂ ਧੋਖੇ ਨਾਲ, ਉਸਨੂੰ ਪ੍ਰਾਪਤ ਮਾਣ-ਸਤਿਕਾਰ ਦੇ ਇਕ ਅੰਸ਼ ਤੋਂ ਵੰਚਿਤ ਕਰ ਦਿਤਾ।' ਇਸ ਵਿਚ ਕੱਵਾਲੀ ਤੇ ਤਰਾਨੇ ਦਾ ਜ਼ਿਕਰ ਹੈ ਖ਼ਿਆਲ ਦਾ ਨਹੀਂ ਹੈ। ਹੋ ਸਕਦਾ ਹੈ ਗੋਪਾਲ ਨਾਇਕ ਨੇ ਖ਼ਿਆਲ ਸ਼ੈਲੀ ਵਿਚ ਗਾਇਆ ਹੋਵੇਂ, ਉਸਦੀ ਨਕਲ ਅਮੀਰ ਖੁਸਰੋ ਨੇ ਉਤਾਰੀ।

ਉਸਤਾਦ ਫ਼ਿਆਜ ਖਾਂ ਅਤੇ ਸ੍ਰੀ ਭਾਸਕਰ ਰਾਵ ਬਖਲੇ ਆਪਣੇ ਸਮੇਂ ਵਿਚ ਚੋਟੀ ਦੇ ਖ਼ਿਆਲ ਗਾਇਕ ਸਨ। ਇਵੇਂ ਹੀ ਇਹਨਾਂ ਦੇ ਪ੍ਰਮੁੱਖ ਸ਼ਿਸ਼ ਸ੍ਰੀ ਦਲੀਪ ਚੰਦਰ ਵੇਦੀ ਵੀ 1934 ਵਿਚ ਭਾਰਤ ਦੇ ਸ਼ਿਰਮੋਨੀ ਖ਼ਿਆਲ ਗਾਇਕ ਮੰਨੇ ਗਏ। ਇਹਨਾਂ ਪੰਗਤੀਆਂ ਦੇ ਲੇਖਕ ਨੂੰ ਵੀ 'ਵੇਦੀ-ਸਾਹਿਬ' ਪਾਸੋਂ ਕੁਝ ਸਮਾਂ ਸੰਗੀਤ ਸਿੱਖਿਆ ਲੈਣ ਦਾ ਮਾਣ ਪ੍ਰਾਪਤ ਹੋਇਆ।

ਖ਼ਿਆਲ ਗਾਇਨ ਸ਼ੈਲੀ ਦੇ ਦੋ, ਪ੍ਰਕਾਰ ਮੰਨੇ ਜਾਂਦੇ ਹਨ: (1) ਵਿਲੰਬਤ ਖ਼ਿਆਲ (2) ਦਰੁੱਤ ਖ਼ਿਆਲ।

**ਵਿਲੰਬਤ ਖ਼ਿਆਲ** : ਧੀਮੀ ਲੈ ਵਿਚ (ਚਾਰ-ਇਕ ਦੀ) ਜਾਂ ਜ਼ਿਆਦਾ ਧੀਮੀ (ਅਤੀ ਵਿਲੰਬਤ ਲੈ) ਲੈ (ਅੱਠ-ਇਕ) ਵਿਚ ਗਾਏ ਜਾਂਦੇ ਹਨ ਜਿਸ ਵਿਚ, ਆਲਾਪ, ਬੋਲ ਆਲਾਪ, ਤਾਨਾਂ-ਬੋਲਤਾਨਾਂ ਆਦਿ ਦਾ ਪ੍ਰਯੋਗ ਕੀਤਾ ਜਾਂਦਾ ਹੈ। ਗੰਭੀਰਤਾ ਇਸ ਦਾ ਲੱਛਣ ਹੈ।

**ਦਰੁਤ ਖ਼ਿਆਲ**: ਤੇਜ਼ ਰਫ਼ਤਾਰ ਵਿਚ ਗਾਏ ਜਾਂਦੇ ਹਨ ਜੋ ਕਿ ਤੀਨਤਾਲ, ਝੱਪਤਾਲ, ਦਰੁੱਤ ਏਕਤਾਲ, ਆਦਿ ਵਿਚ ਹੁੰਦੇ ਹਨ। ਇਨ੍ਹਾਂ ਵਿਚ ਆਲਾਪ, ਬੋਲਤਾਨ, ਤਾਨਾਂ, ਸਰਗਮ ਅਤੇ ਤਿਹਾਈ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਚੰਚਲਤਾ ਅਤੇ ਤਿਆਰੀ ਗਲੇ ਦੀ ਗਰਾਰੀ ਆਦਿ ਇਸਦੀ ਵਿਸ਼ੇਸ਼ਤਾ ਮੰਨੀ ਜਾਂਦੀ ਹੈ।

ਠੁਮਰੀ ਗਾਇਨ ਸ਼ੈਲੀ

**ਠੁਮਰੀ** : 'ਠੁਮਰੀ' ਗੀਤ ਸਰਲ ਸ਼ਾਸਤਰੀ ਸੰਗੀਤ ਦੀ ਇਕ ਪ੍ਰਕਾਰ ਹੈ, ਜੋ ਅਧੁਨਿਕ ਸਮੇਂ ਵਿਚ ਬੜਾ ਲੋਕ ਪ੍ਰਿਅ ਹੈ। ਇੰਜ ਲਗਦੈ ਜਿਵੇਂ ਮੱਧਕਾਲ ਵਿਚ ਧਰੁਪਦ ਦੀ ਲੋਕਪ੍ਰਿਅਤਾ ਨੂੰ ਖ਼ਿਆਲ ਸ਼ੈਲੀ ਨੇ ਪਿੱਛੇ ਕਰ ਦਿਤਾ ਸੀ, ਉਵੇਂ ਹੀ ਆਧੁਨਿਕ ਖ਼ਿਆਲ ਸ਼ੈਲੀ ਨੂੰ ਠੁਮਰੀ ਸ਼ੈਲੀ ਭਵਿੱਖ ਵਿਚ ਮਾਤ ਦੇਵੇ ਗੀ। ਇਸ ਦੇ ਲੱਛਣ ਵੀ ਦ੍ਰਿਸ਼ਟੀ ਗੋਚਰ ਹੋ ਰਹੇ ਹਨ, ਕਿਉਂਕਿ ਕਈ ਆਧੁਨਿਕ ਖ਼ਿਆਲ ਗਾਇਕ 'ਠੁਮਰੀ' ਅੰਗ ਨਾਲ 'ਖ਼ਿਆਲ' ਗਾਉਣ ਲੱਗ ਪਏ ਹਨ।' ਠੁਮਰੀ ਦੇ ਇਤਿਹਾਸ ਬਾਰੇ ਪ੍ਰੋ. ਤਾਰਾ ਸਿੰਘ ਲਿਖਦੇ ਹਨ:

'ਠੁਮਰੀ-ਠੁਮਰੀ ਗਾਇਨ ਦਾ ਰਚਨਹਾਰ ਅਜੇ ਤਕ ਅਣਜਾਣਿਆ ਹੀ ਹੈ। ਕੋਈ ਵੀ ਸੰਗੀਤ ਵਿਦਵਾਨ ਅਜੇ ਤਕ ਇਹ ਨਹੀਂ ਦਸ ਸਕਿਆ ਕਿ ਸਭ ਤੋਂ ਪਹਿਲਾਂ ਠੁਮਰੀ ਕਿਸ ਨੇ ਗਈ। ਹਾਂ, ਹਰ ਕੋਈ ਇਹ ਜ਼ਰੂਰ ਮੰਨਦਾ ਹੈ ਕਿ ਅੱਜ ਤੋਂ ਕੋਈ ਦੋ ਸੌਵਰ੍ਹੇ ਤੋਂ ਵੀ ਪਹਿਲਾਂ ਲਖਨਊ ਦੇ ਦਰਬਾਰ ਵਿਚ ਠੁਮਰੀ ਗਾਇਨ ਬੜੇ ਜ਼ੋਰ ਸ਼ੋਰ ਨਾਲ ਪ੍ਰਚੱਲਿਤ ਸੀ। ਤਾਂ ਤੇ ਇਸ ਤੋਂ ਵੀ ਪਹਿਲਾਂ ਠੁਮਰੀ ਵਜੂਦ ਵਿਚ ਆਈ ਹੋਵੇਗੀ। ਇਹ ਇਕ ਅਨੁਮਾਨ ਹੈ। ਬਨਾਰਸ ਅਤੇ ਲਖਨਊ ਦੀ ਠੁਮਰੀ ਪ੍ਰਸਿੱਧ ਮੰਨੀ ਜਾਂਦੀ ਹੈ। ਜਿਉਂ ਜਿਉਂ ਠੁਮਰੀ ਦਾ ਪ੍ਰਚਾਰ ਉੱਤਰ ਪ੍ਰਦੇਸ਼ ਤੋਂ ਬਾਹਰ ਦੇ ਪ੍ਰਾਂਤਾਂ ਵਿਚ ਹੋਣ ਲੱਗਾ ਤਿਉਂ ਤਿਉਂ ਇਸ ਵਿਚ ਉਨ੍ਹਾਂ ਥਾਂਆਵਾਂ ਦੀਆਂ ਵਿਸ਼ੇਸ਼ਤਾਈਆਂ ਰਲਦੀਆਂ ਗਈਆਂ। ਇਉਂ ਹੋਣ ਤੇ ਠੁਮਰੀ ਦੀਆਂ ਹੋਰ ਪ੍ਰਕਾਰਾਂ ਵੀ ਹੋਂਦ ਵਿਚ ਆਈਆਂ। ਇਹ ਪ੍ਰਕਾਰਾਂ ਮਹਾਂਰਾਸ਼ਟਰ ਦੀ ਠੁਮਰੀ ਅਤੇ ਪੰਜਾਬ ਦੀ ਠੁਮਰੀ ਕਰਕੇ ਜਾਣੀਆਂ ਜਾਂਦੀਆਂ ਹਨ। ਇਨ੍ਹਾਂ ਦਾ ਗਾਉਣ ਢੰਗ ਨਿਰੋਲ ਆਪਣੀ ਅੱਡਰਤਾ ਰੱਖਦਾ ਹੈ। ਕੁਝ ਚਿਰ ਪਹਿਲਾਂ ਉਤੱਰ ਪ੍ਰਦੇਸ਼ ਦੇ ਠੁਮਰੀ ਗਾਇਕ ਪੰਜਾਬੀ ਅੰਗ ਨੂੰ ਚੰਗਾ ਨਹੀਂ ਸਨ ਸਮਝਦੇ। ਪਰ ਉਹ ਕਿਹੜੀ ਚੀਜ਼ ਹੈ ਜਿਹੜੀ ਪੰਜਬੀ ਹੋ ਕੇ ਹੋਰਨਾਂ ਤੇ ਅਸਰ ਨਾ ਪਾਵੇ। ਸੋ ਅਜ ਪੰਜਾਬੀ ਅੰਗ ਦੀ ਠੁਮਰੀ ਸਾਰੇ ਹੀ ਬੜੇ ਚਾਅ ਨਾਲ ਗਾਉਂਦੇ ਹਨ।

ਇਸ ਪ੍ਰਕਾਰ ਪੰਜਾਬੀ ਠੁਮਰੀ ਦੀ ਵਿਲੱਖਣਤਾ ਅਤੇ ਠੁਮਰੀ ਦੀ ਪ੍ਰਕ੍ਰਿਤੀ ਤੇ ਰਸ ਬਾਰੇ ਮਹੱਤਵਪੂਰਣ ਨੁਕਤਿਆਂ ਦਾ ਜ਼ਿਕਰ ਕੀਤਾ ਗਿਆ ਹੈ ਜਿਸ ਤੋਂ ਸਪਸ਼ਟ ਹੈ ਕਿ ਉੱਤਰੀ ਸੰਗੀਤ ਪ੍ਰਣਾਲੀ ਵਿਚ ਧਰੁਪਦ ਅਤੇ ਖ਼ਿਆਲ ਜਿਹੀਆਂ ਪ੍ਰਮੁੱਖ ਸ਼ੈਲੀਆਂ ਤੋਂ ਪਿਛੋਂ 'ਠੁਮਰੀ' ਦਾ ਹੀ ਵਰਨਣ ਕੀਤਾ ਜਾਂਦਾ ਹੈ ਕਿਉਂਕਿ ਇਹ ਸ਼ੈਲੀ ਆਮ ਲੋਕ ਵੀ ਪਸੰਦ ਕਰਦੇ ਹਨ।

ਕੇਸਰ ਚੰਦ ਵਰਮਾ, 'ਠੁਮਰੀ' ਨਾਮ ਦੇ ਨਿਬੰਧ ਵਿਚ:

'ਠੁਮਰੀ ਦਾ ਜਨਮ ਸਥਾਨ ਲਖਨਊ ਮੰਨਦੇ ਹਨ। ਲਖਨਊ ਦੇ ਹੀ ਉਸਤਾਦ, ਸਾਦਿਕ ਅਲੀ ਖਾਂ ਇਸ ਅੰਗ ਦੀ ਗਾਇਕੀ ਦੇ ਜਨਕ ਕਹੇ ਜਾਂਦੇ ਹਨ। ਅਵਧ ਦੇ ਕਲਾ ਨਿਵਾਸੀ ਨਵਾਬ ਵਾਜਿਦ ਅਲੀ ਸ਼ਾਹ ਜਿਹੜੇ ਅਨੇਕਾਂ ਕਲਾਵਾਂ ਨੂੰ ਉਤਸਾਹਿਤ ਕਰਨ ਵਿਚ ਵਿਖਿਆਤ ਹਨ, ਉਹਨਾਂ ਵਿਚ ਠੁਮਰੀ ਦਾ ਆਪਣਾ ਇੱਕ ਮਹੱਤਵ ਹੈ। ਉਹ ਖੁਦ ਠੁਮਰੀ ਦੇ ਇਕ ਚੰਗੇ ਰਚਨਾਕਾਰ ਸਨ। ਕਾਦਰ ਪੀਆਂ, ਲਲਨ ਪੀਆਂ, ਅਖਤਰ ਪੀਆਂ ਵਰਗੇ ਉਪਨਾਮ ਵਾਲੇ ਅਨੇਕਾਂ 'ਪੀਆ ਠੁਮਰੀਆਂ ਦੇ ਰਚਨਾਕਾਰ ਹੋਏ ਹਨ। ਅਵਧ ਦਾ ਕੱਥਕ ਠੁਮਰੀ ਗਾਇਕੀ ਤੋਂ ਵਿਸ਼ੇਸ਼ ਰੂਪ ਵਿਚ ਸੰਬੰਧਿਤ ਰਿਹਾ ਹੈ। ਧੀਮੀ ਲੈ ਵਿਚ ਪਹਿਲਾਂ ਗੀਤ ਗਾਕੇ, ਫਿਰ (ਨਰਤਿ) ਦੁਆਰਾ ਉਸ ਦਾ ਭਾਵ ਪ੍ਰਦਰਸ਼ਨ ਕੱਥਮ ਕਲਾਕਾਰਾਂ ਦੀ ਵਿਸ਼ੇਸ਼ਤਾ ਹੈ।

ਇਸ ਅਨੁਸਾਰ ਠੁਮਰੀ ਦੇ ਜਨਮ ਦੀ ਸੰਭਾਵਨਾ 'ਲੋਕਗੀਤ-ਟੱਪਾਂ' ਜਾਂ 'ਟੱਪਾ' ਸ਼ੈਲੀ ਤੋਂ ਮੰਨੀ ਜਾ ਸਕਦੀ ਹੈ। ਠੀਕ ਵੀ ਹੈ, ਪੰਜਾਬ ਵਿਚ 'ਟੱਪਾ' ਨਾਮ ਦਾ ਲੋਕਗੀਤ ਮੱਧਕਾਲ ਤੋਂ ਚੱਲਿਆ ਆ ਰਿਹਾ ਹੈ। ਇਸ ਨੂੰ ਸ਼ਾਸਤਰੀ ਰੂਪ ਦੇ ਕੇ 'ਟੱਪਾ' ਰਾਗਾਂ ਦੀ ਗਾਇਕੀ ਵਿਚ ਸਥਾਪਿਤ ਹੋਇਆ ਹੋਵੇਗਾ। ਇਸ ਉਪਰੰਤ 'ਟੱਪੇ' ਦਾ ਸੋਧਿਆ ਹੋਇਆ ਰੂਪ ਠੁਮਰੀ ਦੇ ਰੂਪ ਵਿਚ ਪ੍ਰਸਿੱਧ ਹੋਇਆ ਮੰਨਣ ਵਿਚ ਆਉਂਦਾ ਜਾਂ ਮੰਨਿਆ ਜਾ ਸਕਦਾ ਹੈ। ਸ਼ੋਰੀ ਮੀਆਂ ਵੀ ਪੰਜਾਬੀ ਸੀ ਉਸਨੇ ਟੱਪਾ ਅਤੇ ਠੁਮਰੀ ਨੂੰ ਪ੍ਰਚੱਲਿਤ ਕਰਨ ਵਿਚ ਜਾਂ ਲੋਕਪ੍ਰਿਯ ਬਨਾਉਣ ਵਿਚ ਸਹਿਯੋਗ ਦਿੱਤਾ।

ਸੋ ਸੰਗੀਤ ਸ਼ਾਸਤਰ ਦੇ ਇਤਿਹਾਸਕ ਅਧਿਐਨ ਪੱਖ ਤੋਂ ਅਗਰ 'ਠੁਮਰੀ' ਦੀਆਂ 'ਜੜਾਂ ਲੱਭਣ ਦੀ ਕੋਸ਼ਿਸ਼ ਕਰੀਏ ਤਾਂ ਇਹ ਜਾਂ ਤਾਂ 'ਲੋਕਗੀਤ' ਨਾਲ ਜਾ ਲਗਦੀਆਂ ਹਨ ਜਾਂ ਪ੍ਰਾਚੀਨ ਗੀਤ ਸ਼ੈਲੀ 'ਰੂਪਕ' ਨਾਲ। ਕਿਉਂਕਿ ਰੂਪਕ ਸ਼ੈਲੀ ਦੇ ਲੱਛਣ ਠੁਮਰੀ ਨਾਲ ਕਾਫੀ ਹਦ ਤਕ ਮਿਲਦੇ ਹਨ।

ਠੁਮਰੀ ਭਾਵੇਂ ਕੰਠ ਸ਼ਾਸਤਰੀ ਸੰਗੀਤ ਦੀ ਇਕ ਪ੍ਰਮੁੱਖ ਸ਼ੈਲੀ ਹੈ, ਪਰ ਇਸ ਦੀ ਲੋਕ ਪ੍ਰਿਅਤਾ ਤੋਂ ਪ੍ਰਭਾਵਿਤ ਹੋ ਕੇ ਨਰਿਤਕਾਰਾਂ ਅਤੇ ਵਾਦਕ ਕਲਾਕਾਰਾਂ ਨੇ ਵੀ ਇਸ ਨੂੰ ਖੁਲ੍ਹੇ ਦਿਲ ਨਾਲ ਅਪਣਾਇਆ ਹੈ। 'ਠੁਮਰੀ' ਦੀਆਂ ਬੰਦਿਸ਼ਾਂ ਦੇ ਰਚਨਹਾਰੇ ਪ੍ਰਮੁੱਖ ਰੂਪ ਵਿਚ ਇਸ ਪ੍ਰਕਾਰ ਹਨ : ਕਾਲਕਾ ਬਿੰਦਾਦੀਨ, (ਕੱਥਕ ਨਰਿਤਕਾਰ), ਲਲਨਪੀਆ, ਕੇਦਾਰ ਪੀਆ, ਬੜੇ ਰਾਮਦਾਸ, (ਪ੍ਰਮਪੀਆ), ਸੁੰਦਰਪੀਆ, ਰਸਿਕਪੀਆ ਆਦਿ। ਪ੍ਰਸਿੱਧ ਠੁਮਰੀ ਗਾਇਕ ਇਸ ਪ੍ਰਕਾਰ ਹਨ:

ਬੜੇ ਰਾਮਦਾਸ, ਵਿੱਦਿਆਧਰੀਬਾਈ, ਕੇਸਰ ਬਾਈ, ਮੋਤੀ ਬਾਈ, ਮੋਹਨੀਬਾਈ, ਰਸੂਲਨ ਬਾਈ, ਗਿਰਿਜਾਦੇਵੀ, ਸਿੱਧੇ ਸ਼ਰੀਬਾਈ, ਬੇਗਮ ਅਖਤਰ, ਹੀਰਾਬਾਈ ਬੜੋਦੇਕਰ, ਉਸਤਾਦ ਅਬਦੁਲ ਕਰੀਮ ਖਾਂ, ਨਿਰਮਲਾ ਦੇਵੀ, ਲਖਸ਼ਮੀ ਦੇਵੀ, ਪ੍ਰਵੀਣ ਸੁਲਤਾਨਾ, ਉਸਤਾਦ ਬੜੇ ਗੁਲਾਮ ਅਲੀ ਖਾਂ, ਕਮਲ ਸਿੰਘ, ਮੋਹਿੰਦਰ ਸਿੰਘ ਆਦਿ।

ਠੁਮਰੀ ਜ਼ਿਆਦਾ ਕਰਕੇ ਹੇਠ ਲਿਖੇ ਰਾਗਾ ਵਿਚ ਗਾਈ ਜਾਂਦੀ ਹੈ:

ਖਮਾਜ, ਭੈਰਵੀ, ਪੀਲੂ, ਦੇਸ, ਪਟਦੀਪ, ਝਿੰਝੋਟੀ, ਤਿਲੰਗ, ਬਰਵਾ, ਆਸਾ, ਮਾਂਡ ਮਹਾੜੀ, ਕਾਫੀ, ਮਿਸ਼ਰਮਾਂਡ ਆਦਿ।

ਸੋ ਪ੍ਰਾਚੀਨ ਕਾਲ ਵਿਚ ਠੁਮਰੀ ਦਾ ਨਿਕਾਸ ਲੋਕ-ਗੀਤ ਤੇ 'ਟੱਪਿਆਂ' ਤੋਂ ਹੋ ਕੇ 'ਰੂਪਕ-ਅਲਾਪਤੀ' ਦੇ ਰੂਪ ਵਿਚ ਅੱਗੇ ਵਧਿਆ ਅਤੇ ਮੱਧਕਾਲ ਵਿਚ ਰੂਪਕ-ਅਲਾਪਤੀ ਤੋਂ ਸ਼ਾਸਤਰੀ ਟੱਪਾ' ਵਿਕਸਤ ਹੋਇਆ। ਸ਼ਾਸਤਰੀ ਟੱਪੇ ਤੋਂ ਹੀ ਆਧੁਨਿਕ ਠੁਮਰੀ ਦਾ ਵਿਕਾਸ ਹੋਇਆ, ਜਿਸ ਵਿਚ ਅਨੇਕਾਂ ਸੰਗੀਤਕਾਰਾਂ ਨੇ ਆਪਣਾ ਹਿੱਸਾ ਵੱਖ ਵੱਖ ਕਾਲ ਵਿਚ ਪਾਇਆ।

ਤਰਾਨਾ ਗਾਇਨ ਸ਼ੈਲੀ:

ਤਰਾਨਾ: 'ਕਿਹਾ ਜਾਂਦਾ ਹੈ ਕਿ ਅਮੀਰ ਖੁਸਰੋ ਜਦੋਂ ਹਿੰਦੋਸਤਾਨ ਆਏ ਤਾਂ ਇਥੋਂ ਦੀ ਸੰਸਕ੍ਰਿਤ ਭਾਸ਼ਾ ਨੂੰ ਦੇਖਕੇ ਘਬਰਾਏ ਕਿਉਂਕਿ ਉਹ ਅਰਬੀ ਭਾਸ਼ਾ ਦੇ ਵਿਦਵਾਨ ਸਨ ਤੇ ਉਹਨਾਂ ਨੇ ਨਿਰਾਰਥਕ ਸ਼ਬਦ ਘੜ ਕੇ ਤਰ੍ਹਾਂ ਤਰ੍ਹਾਂ ਦੇ ਹਿੰਦੋਸਤਾਨੀ ਰਾਗ ਗਾਏ। ਉਹੀ ਨਿਰਾਰਥਕ ਸ਼ਬਦ ਹੀ 'ਤਰਾਨਾ' ਨਾਮ ਨਾਲ ਪ੍ਰਸਿੱਧ ਹੋਏ। ਤਰਾਨੇ ਵਿਚ ਰਾਗ, ਤਾਲ ਅਤੇ ਲਯ ਦਾ ਹੀ ਆਨੰਦ ਹੈ। ਸ਼ਬਦਾਂ ਵੱਲ ਧਿਆਨ ਨਹੀਂ ਦਿੰਦੇ। ਤਰਾਨਿਆਂ ਦਾ ਗਾਇਨ ਸਾਡੇ ਦੇਸ਼ ਵਿਚ ਮਨੋਰੰਜਨ ਮੰਨਿਆ ਜਾਂਦਾ ਹੈ। ਬਹਾਦੁਰ ਹੁਸੈਨ ਖਾਂ, ਤਾਨਰਸ ਖਾਂ, ਨੱਥੂ ਖਾਂ, ਆਦਿ ਦੇ ਤਰਾਨੇ ਵਿਸ਼ੇਸ਼ ਪ੍ਰਸਿੱਧ ਹਨ।'

ਇਹਨਾਂ ਵਿਚਾਰਾ ਤੋਂ ਪਤਾ ਲੱਗਦਾ ਹੈ ਕਿ ਅਮੀਰ ਖੁਸਰੋ ਦੇ ਕਾਲ ਵਿਚ 'ਸੰਸਕ੍ਰਿਤ' ਭਾਸ਼ਾ ਦੇ ਗੀਤ ਭਾਰਤ ਵਿਚ ਪ੍ਰਚਲਿਤ ਸਨ। ਜੇਕਰ ਇਸ ਨੂੰ ਜਰਾ ਗਹੁ ਨਾਲ ਵਿਚਾਰੀਏ ਤਾਂ ਤਰਕ ਸਹਿਤ ਇਹ ਠੀਕ ਲਗਦਾ ਹੈ ਕਿਉਂਕਿ ਅਮੀਰ ਖੁਸਰੋ ਤੋਂ ਪਹਿਲਾਂ ਜਿਤਨੇ ਵੀ ਸੰਗੀਤ ਗਰੰਥ ਸਨ ਉਹ ਸੰਸਕ੍ਰਿਤ ਭਾਸ਼ਾ ਵਿਚ ਸਨ ਅਤੇ ਅਮੀਰ ਖੁਸਰੋ ਦੇ ਸਮਕਾਲੀਨ ਜਾਂ ਉਪਲੱਬਧ ਗ੍ਰੰਥ ਵੀ ਜ਼ਿਆਦਾ ਕਰਕੇ ਸੰਸਕ੍ਰਿਤ ਵਿਚ ਸਨ ਜਿਵੇਂ- ਜਯਦੇਵ ਕ੍ਰਿਤ ਗੀਤ ਗੋਬਿੰਦ, ਸ਼ਾਰੰਗਦੇਵ ਕ੍ਰਿਤ ਸੰਗੀਤ ਰਤਨਾਕਰ, ਆਦਿ। ਇਸ ਲਈ ਸੰਭਵ ਹੈ ਕਿ ਅਮੀਰ ਖੁਸਰੋ ਨੇ ਪੁਰਾਣੀਆਂ ਸੰਗੀਤ ਬੰਦਿਸ਼ਾਂ (ਰਚਨਾਵਾਂ) ਉੱਤੋਂ ਨਿਰਾਰਥਕ ਸ਼ਬਦ ਤਰਾਨਾ ਘੜ ਕੇ ਗਾਉਣੇ ਅਰੰਭੇ ਹੋਣ।

ਇਹਨਾਂ ਦੇ ਵਿਚਾਰ ਅਨੁਸਾਰ ਤਰਾਨੇ ਦੀ ਰਚਨਾ ਤਬਲੇ ਦੇ ਬੋਲਾਂ ਜਾਂ ਸਿਤਾਰ ਦੀ ਮਿਜ਼ਰਾਬ ਦੇ ਬੋਲਾਂ ਤੋਂ ਹੋਈ ਦੱਸੀ ਗਈ ਹੈ, ਪਰ ਕੋਈ ਪ੍ਰਮਾਣ ਨਹੀਂ ਦਿਤਾ ਗਿਆ। ਇਹ ਵੀ ਸਪਸ਼ਟ ਹੈ ਕਿ ਅਮੀਰ ਖੁਸਰੋ ਤੋਂ ਪਹਿਲਾਂ ਦੇ ਕਿਸੇ ਵੀ ਗ੍ਰੰਥ ਵਿਚ ਤਬਲਾ ਤੇ ਸਿਤਾਰ ਦੇ ਬੋਲਾਂ ਦੀ ਹੋਂਦ ਨਹੀਂ ਹੈ ਕਿਉਂਕਿ ਇਹ ਉਦੋਂ ਅਜੇ ਪ੍ਰਚਲਿਤ ਨਹੀਂ ਹੋਏ ਸਨ। ਸੋ ਇਸ ਸੰਬੰਧ ਵਿਚ ਵਧੇਰੇ ਖੋਜ ਦੀ ਜ਼ਰੂਰਤ ਹੈ।

ਤਰਾਨਾਂ, ਖ਼ਿਆਲ (ਦਰੁੱਤ) ਅੰਗ ਨਾਲ ਹੀ ਸੋਹਣਾ ਲਗਦਾ ਹੈ, ਪਰ ਇਸ ਵਿਚ ਤਾਨਾਂ ਵੀ ਤਰਾਨੇ ਦੇ ਬੋਲਾਂ ਦੀਆਂ ਗਾਉਣੀਆਂ ਚਾਹੀਦੀਆਂ ਹਨ, ਨਹੀਂ ਤਾਂ ਤਰਾਨੇ ਤੇ ਦਰੁੱਤ ਖ਼ਿਆਲ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ। ਤਰਾਨਾ ਕਿਸੇ ਵੀ ਰਾਗ ਅਤੇ ਤਾਲ ਵਿਚ ਗਾਇਆ ਜਾ ਸਕਦਾ ਹੈ। ਜ਼ਿਆਦਾ ਰੋਚਕ ਤਰਾਨੇ ਤੀਨਤਾਲ, ਝੱਪਤਾਲ ਅਤੇ ਦਰੁੱਤ-ਏਕਤਾਲ ਵਿਚ ਹੁੰਦੇ ਹਨ।


**'ਆਧੁਨਿਕ ਖੇਤੀ'**

ਖੇਤੀਬਾੜੀ ਬਾਰੇ ਚੰਡੀਗੜ੍ਹ ਤੋਂ ਛਪਣ ਵਾਲਾ ਇਕੋ ਇੱਕ ਮਾਸਿਕ ਪੱਤਰ ਜਿਸਦੀ ਗੈਟ ਅੱਪ, ਛਪਾਈ ਅਤੇ ਕਾਗਜ਼ 'ਇੰਡੀਆਂ ਟੁਡੇ' ਦੀ ਪੱਧਰ ਦੀ ਹੈ। ਚੰਦਾ ਪ੍ਰਤੀ ਕਾਪੀ 5 ਰੁ: ਸਲਾਨਾ 50 ਰੁਪਏ, ਜੀਵਨ ਮੈਂਬਰਸ਼ਿਪ 800 ਰੁਪਏ (15 ਸਾਲ)। ਸੰਪਰਕ ਕਰੋ:

ਮੈਨੇਜਰ, ਆਧੁਨਿਕ ਖੇਤੀ
ਐਸ. ਸੀ. ਓ. 144-145, ਸੈਕਟਰ 34-ਏ,
ਚੰਡੀਗੜ੍ਹ - 160022.
ਫੋਨ : 667106 ਅਤੇ 605546

# DYA SINGH Of Australia

Gurmukh Singh
(Prinicpal, UK Civil Service Retd.)

Last year, when Dr. Jagir Singh attended a marriage in Australia, in his report (Amrit Kirtan December 1997 issue) he mentioned that during his kirtan he was accompanied by "Dya Singh of international fame". I also attended this function and was reminded of an eight-year old Dya Singh doing Kirtan with his saintly father, Giani Harchand Singh Bassian, a well-known pracharak of Malaysia in the fifties, The boy is now a man, Dya Singh of Australia.

In the south-eastern corner of the golbe, away from the stern and restraining eyes of the traditional Sikh establishment, no less than a revolution in Gurbani sangeet has been taking place over the last six years. With the production of Dya Singh's latest cassette "Gurbani Yatra", that revoluation in now nearly complete. Dya Singh is a household name in the multi-society music world of south-east Asia. Formed in 1992, Dya Singh's "World Music Group" has emerged as one of the most sought after music groups in Australia and other south-eastern countries like Malaysia and Singapore. The group has performed in countries as far away as Candada and Japan. The reader will get some idea of the group's popularity from the following press quotation.

"In the space of two hours, Dya Singh's material ranged from incantations to Sikh hymns, ragas and Asian classical music. The talent of the performers, the range of the music they played, the deep spirituality which infused their performance, all made this a memorable evening."

*Sydney Morning Herald*

Dya Singh's unique experiment with the globalisation of Gurbani sangeet could only have happened in Australia, that remote continent. Expert press comment and the universal Popularity of Dya Singh confirm that he is regarded as one of Australia's best examples of the dynamics of multiculturalism at its best. Dya Singh's choice of musical instrument's and talent is equally adventurous. In addition to his three highly gifted daughters, Dheeraj Shresta, a classical tablchi, provides the beat on various "drum" instruments as required (tabla, mardang, dhols, drums etc.), Keith Preston, another highly talented artist, plays Greek bouzouki, electric guitar, santoor and bohdran and Cicilia Kemezys plays flutes. That is the core group but other well-known Australian artists join in as required. The group in popular on the local and national television and radio.

Gurbani shabads (including English translations), provide the entrancing meaningfulness to the Popular and semi-classical tunes (bandash) played by the musicians. When I was in Punjab last year, a retired Airforce Wing Commander confessed that he was not a very religious man and did not have an ear for Gurbani kirtan. That is, not until, he heard Dya Singh's family group (Dya Singh and daughters.) Now, without fail, when driving, he turned on his car cassette player to listen to the group and was immediately enchanted by the introductory Mool Mantar sung to eastern/western musical instruments. Initially, the music appealed more to the next generation Sikhs and Western ears. obsevers commented that the group created an entirely original genre

of World music. Western observation is that the music made one get up and dance, the message made one sit down and listen ! Gurbani is the central theme and it has the power to harness the impact of raag, rhythm and beat, (even western beats) and promote an atmosphere of joy and peaceful contentment. Says Babara Roberts In "FOLK us" Magazine: "Dya Singh's incredible voice amazed me, at times quietly sensitive, at others overwhelmingly powerful, and always with the purest meldoy". Indeed, Dya Singh's voice range appears to have no limit, yet it always remains well controlled and melodious. Another commentator has described the experience of listening to Dya Singh simply as "A voyage into the heart".

What about Dya Singh's impact on the eastern ear more used to traditional Gurbani kirtan? A well-known classical ustaad, Giani Darshan Singh Sohal of UK (successor of the famous Bhai Gian Singh Almast), used to say "Dya Singh Ji you have great talent but you are sometimes careless about the rules of raag. Stay with me for one or two year and you will be amongst the best in the Sikh world." Dya Singh's typical jovial response used to be "But Giani Ji, that is precisely the reason why I am avoiding raagis lest they put me in the straight-jacket of raags!" But Dya Singh has heeded the advice of great Sikh raagis and based his popular music on classical raags even for mixed eastern-western performances. His latest cassette "Gurbani Yatra" of "straight kirtan" has been widely accalimed by lovers of traditional Gurbani kirtan.

Yet, his style is unique and has great appeal for the new generation. So much so that during a recent tour of Malaysia (at the request of the Sangat of Malacca), young Sikhs travelled long distances to listen to him. Outside south-east Asia, Dya Singh is reaching the parts not reached before: his introductory cassettes are gaining popularity in the UK and amongst the East African Sikh community. He already has a wide audience base in the USA and Canada.

Outside the Gurdwaras, this talented and pioneering Sikh sangeetkar is successfully taking the message of Guru Nanak to the young Sikhs and the multi-cultural audiences worldwide. While some orthodox traditionalists may frown at his novel but popular approach, the Sikh community world-wide will be hearing more from and feel proud of Dya Singh of Australia. Others are likely to follow in his footsteps, as part of the process of taking universal message of Guru Nanak to the world and into the 21st Century.

[Note: For Cassettes and CDs recoded by Dya Singh's group contact: Dya Singh, GPO Box 2130, Adelaide SA 5001, South Australia. Ph. Fax 618 8278 3088.]

**ਅੰਮ੍ਰਿਤ ਕੀਰਤਨ ਲਈ ਮਾਇਕ ਸਹਾਇਤਾ।**

| | | | |
|---|---|---|---|
| -ਅੰਮ੍ਰਿਤਪਾਲ ਕੋਰ, ਬਾਜ਼ੁਰਾ | 50 ਰੁ. | ਮਿਸਜ ਕੁਲਵੰਤ ਕੌਰ ਅਬਦਾਲ, ਚੰਡੀਗੜ੍ਹ | 100 ਰੁ. |
| -ਵਰਜੀਤ ਘਿ ਕੋਰ, ਬਾਜ਼ੁਰਾ | 50 ਰੁ. | ਸ.ਸ. ਫੂਲਕਾ, ਚੰਡੀਗੜ੍ਹ | 100 ਰੁ. |
| -ਡਾ. ਅਮਰਜੀਤ ਸਿੰਘ, ਪਟਿਆਲਾ | 100 ਰੁ. | ਮਿਸਜ਼ ਦਿਲਜੰਗ ਸਿੰਘ, ਪਟਿਆਲਾ | 100 ਰੁ. |
| -ਪ੍ਰ. ਸਵਰਨ ਸਿੰਘ ਭਾਟੀਆ ਆਪਣੀ ਸੁਪਰਤੀ ਸਰਦਾਰਨੀ ਦਰਸ਼ਨ ਕੋਰ ਭਾਟੀਆ ਦੀ ਮਿੱਠੀ ਤੇ ਪਿਆਰੀ ਯਾਦ ਵਿੱਚ | 250 ਰੁ. | ਪ੍ਰ. ਜਬਰਜੰਗ ਸਿੰਘ, ਪਟਿਆਲਾ | 100 ਰੁ. |
| | | ਮਿਸਜ਼ ਅਜੀਤ ਸਿੰਘ, ਚੰਡੀਗੜ੍ਹ | 100 ਰੁ. |
| | | ਸੋਹਲ ਸਪੇਨਲਜ, ਚੰਗੀਗੜ੍ਹ | 200 ਰੁ. |
| | | ਸ੍ਰ. ਹਰਿੰਦਰਪਾਲ ਸਿੰਘ, ਮੁਹਾਲੀ | 1000 ਰੁ. |
| ਸ੍ਰ. ਜਸਬੀਰ ਸਿੰਘ, ਅੰਮ੍ਰਿਤਸਰ | 100 ਰੁ. | ਸ੍ਰ. ਬਲਬੀਰ ਸਿੰਘ, ਮੁਹਾਲੀ | 1000 ਰੁ. |

# ਪੰਜ ਅੰਕ ਦੀ ਪ੍ਰਮੁੱਖਤਾ

'ਬੇਦੀ ਲਾਲ ਸਿੰਘ ਸਾਹਿਤਕਾਰ'

ਪੰਜ ਦੇ ਅੰਕ ਨੂੰ ਸਾਰੇ ਹੀ ਧਰਮਾਂ ਦੇ ਪ੍ਰਸਿੱਧ ਗ੍ਰੰਥਾਂ ਵਿੱਚ ਪ੍ਰਮੁਖਤਾ ਦੱਸੀ ਗਈ ਹੈ। ਪੁਰਾਤਨ ਧਾਰਮਿਕ ਇਤਿਹਾਸ 'ਵੇਦ' ਲਿਖਤਾਂ ਤੋਂ ਹੀ ਮੰਨਦੇ ਹਨ। ਵੇਦਾਂ ਤੋਂ ਪਹਿਲਾਂ ਦਾ ਸਾਰਥਕ ਗਿਆਨ ਕਿਸੇ ਵੀ ਪੁਸਤਕ 'ਚੋਂ ਮਿਲਦਾ ਨਹੀਂ। ਪਰ ਵੇਦਾਂ 'ਚੋਂ' ਵੈਦਿਕ ਰਹੁ-ਰੀਤਾਂ ਦਾ ਗਿਆਨ ਹੁੰਦਾ ਹੈ, ਜਿਸ ਦੇ ਅਧਾਰ ਤੇ ਸਨਾਤਨ ਧਰਮ ਨੂੰ ਪ੍ਰਾਰਭਿੰਕ ਧਰਮ ਮੰਨਿਆ ਗਿਆ ਹੈ। ਇਸ ਵੈਦਿਕ ਧਰਮ ਨੇ ਹੀ ਜੰਤਾ ਨੂੰ "ਪੰਚਾਮ੍ਰਿਤ" ਭਾਵ ਪੰਜ, ਜੀਵ ਦੇ ਜੀਵਨ ਦੀ ਸਫਲਤਾ ਹਿਤ ਪੰਜ ਬੋਧਕ ਪਦਾਰਥ ਵਿਅਕਤੀ ਨੂੰ ਜੋ ਸਭ ਤੋਂ ਸਰੇਸ਼ਟ ਸਨ ਦਿੱਤੇ, ਉਹਨਾਂ ਦੇ ਨਾਂ ਇਹ ਹਨ:-

ੳ. ਦੁੱਧ 1 ਅ. ਦਹੀਂ 1 ੲ. ਘਿਉ 1 ਸ. ਸ਼ਹਿਦ 1 ਹ. ਗੰਗਾਜਲ 1

ਇਹਨਾਂ ਪੰਜਾਂ ਬੋਧਕ ਪਦਾਰਥਾਂ ਦਾ ਸਮੂਹਕ ਨਾਮ "ਪੰਚਾਮ੍ਰਿਤ" ਰੱਖ ਕੇ ਪ੍ਰਚਲਤ ਕੀਤਾ, ਜੋ ਅੱਜ ਤਕ ਇਨ-ਬਿਨ ਪ੍ਰਚਲਤ ਹੈ। ਜਿਨ੍ਹਾਂ ਦੀ ਵਰਤੋਂ ਨਾਲ ਵਿਅਕਤੀ ਦਾ ਸਰੀਰ ਅਰੋਗ ਰਹਿੰਦਾ ਹੈ।

ਦੂਸਰੀ ਮਹਾਨਤਾ ਵੇਦਾਂ ਵਿੱਚ ਪੰਜ ਇਸ਼ਨਾਨਾਂ ਨੂੰ ਦਿੱਤੀ ਗਈ ਹੈ, ਨਾਲ ਹੀ ਇਹ ਵੀ ਦਸਿਆ ਕਿ ਪੰਜ ਇਸ਼ਨਾਨ ਕਰਨ ਵਾਲਾ ਵਿਅਕਤੀ ਪ੍ਰਸਿੱਧ ਗਿਆਨੀ ਹੁੰਦਾ ਹੈ, ਦਲਿਦਰੀ ਨਿਤਾਪ੍ਰਤੀ ਇਸ਼ਨਾਨ ਨਹੀਂ ਕਰਦੇ ਜਿਵੇਂ :-

ਪੰਜ ਇਸ਼ਨਾਨਾ ਮਹਾ ਗਿਆਨਾ
ਨਿਤ ਨ ਨਹਾਉਣ ਦਲਿਦਰੀ॥ (ਲਕੋਕਤੀ)

ਇਹ ਪੰਜ ਇਸ਼ਨਾਨ ਇਹ ਹਨ:-

ੳ. ਨਾਮ ਸਿਮਰਨ ਇਸ਼ਨਾਨ
ਅ. ਦਾਨ ਯਥਾ-ਯੋਗ ਕਰਨਾ ਇਸ਼ਨਾਨ।
ੲ. ਨਿਸ਼ਕਾਮ ਸੇਵਾ ਕਰਨਾ ਇਸ਼ਨਾਨ।
ਸ. ਨੇਕ ਕਮਾਈ 'ਚੋਂ' ਗਰੀਬਾਂ, ਅਨਾਥਾਂ ਦੀ ਸੇਵਾ ਦਾ ਇਸ਼ਨਾਨ।
ਹ. ਸਰਬੱਤ ਦੇ ਭਲੇ ਦੀ ਕਾਮਨਾ ਦਾ ਇਸ਼ਨਾਨ।

ਨਾਲ ਹੀ ਇਹ ਵੀ ਦੱਸਿਆ ਹੈ ਕਿ ਹਰ ਇਸ਼ਨਾਨ ਗੱਲਾਂਬਾਤਾਂ ਤੇ ਨਿਰਭਰ ਨਹੀਂ ਸਗੋਂ ਕਰਨੀ ਤੇ ਆਧਾਰਤਿ ਹੈ। ਜਲ-ਇਸ਼ਨਾਨ ਕਰਨ ਨਾਲ ਜਿੱਥੇ ਮਨ ਤੇ ਬੁੱਧੀ ਅਤੇ ਸਰੀਰ ਪਵਿੱਤਰ ਹੁੰਦੇ ਹਨ ਉੱਥੇ ਆਹਾਰ, ਵਿਹਾਰ ਵੀ ਪਵਿੱਤਰ ਹੁੰਦਾ ਹੈ। ਸਰੀਰ ਵੀ ਪਵਿੱਤਰ ਹੋ ਕੇ ਅਰੋਗ ਹੋ ਜਾਂਦਾ ਹੈ। ਨਿਸ਼ਕਾਮ ਸੇਵਾ ਨਾਲ ਮਨ ਨਿਮਰ ਹੁੰਦਾ ਹੈ। ਵਡੱਪਣ (ਅਹੰਕਾਰ) ਦਾ ਨਾਸ਼ ਹੁੰਦਾ ਹੈ। ਨੇਕ ਕਮਾਈ ਦਾ ਅਸਰ ਸਰੀਰ ਵਿੱਚ ਸ੍ਰੇਸ਼ਟਤਾ ਪੈਦਾ ਕਰਦਾ ਹੈ। ਜਲ ਦਾ ਇਸ਼ਨਾਨ ਕੇਵਲ ਸਰੀਰ ਨੂੰ ਹੀ ਸ਼ਾਂਤੀ ਨਹੀਂ ਪ੍ਰਦਾਨ ਕਰਦਾ ਸਗੋਂ ਤਨ ਨਾਲ ਮਨ ਵਿੱਚ ਸ਼ਾਂਤੀ ਤੇ ਅਰੋਗਤਾ ਪੈਦਾ ਕਰਦਾ ਹੈ। ਸਰਬੱਤ ਦੇ ਭੱਲੇ ਦੀ ਕਾਮਨਾ ਕਰਨਾ ਸਗੋਂ ਤਨ ਮਨ ਵਿੱਚ ਸ਼ਾਂਤੀ ਤੇ ਅਰੋਗਤਾ ਪੈਦਾ ਕਰਦਾ ਹੈ। ਇਹ ਇਕ ਅਜਿਹਾ ਇਸ਼ਨਾਨ ਹੈ ਜਿਸ ਨਾਲ ਜੀਵ ਜੀਵਤ ਹੀ ਮੁਕਤੀ ਦਾ ਭਾਗੀ ਬਣ ਜਾਂਦਾ ਹੈ। ਨਾਮ ਸਿਮਰਨ ਦਾ ਇਸ਼ਨਾਨ ਪ੍ਰਭੂ ਨਾਲ ਮੇਲ ਪੈਦਾ ਕਰਦਾ ਹੈ। ਇਹ ਪੰਜ ਪ੍ਰਕਾਰ ਦੇ ਇਸ਼ਨਾਨ ਕਰਨ ਵਾਲਾ ਜੀਵ ਸੰਤ, ਗੁਰਮੁਖ ਤੇ ਸਹੀ ਮਨੁੱਖ ਦਾ ਸਾਕਾਰ ਰੂਪ ਹੁੰਦਾ ਹੈ। ਉਸ ਦੇ ਹਰ ਸ਼ਬਦ ਵਿੱਚ ਰਾਜ਼ ਹੁੰਦਾ ਹੈ, ਆਮ ਲੋਕ ਅਜਿਹੇ ਪੁਰਸ਼ ਨੂੰ ਰੱਬ ਦਾ ਰੂਪ ਮੰਨ ਕੇ ਉਸ ਦਾ ਮਾਣ-ਸਤਿਕਾਰ ਕਰਦੇ ਹਨ। ਸੋ ਇਹ ਹੈ ਪੰਜਾਂ ਇਸ਼ਨਾਨਾਂ ਦੀ ਮਹਾਨਤਾ।

ਜੈਨਮੱਤ ਵਿੱਚ ਪੰਜ ਦਾ ਅੰਕ ਇਕ ਵਿਸ਼ੇਸ਼ ਰੂਪ ਰੱਖਦਾ ਹੈ। ਜਿਵੇਂ ਹਰ ਜੈਨੀ ਨੂੰ ਪੰਜ ਮੰਤਰ, ਪੰਜ ਨਮਸਕਾਰ, ਪੰਜ ਸਿਲ, ਪੰਜ ਮਾਰਗ ਧਾਰਨ ਕਰਨੇ ਪੈਂਦੇ ਹਨ। ਫਿਰ ਹੀ ਉਹ ਜੈਨੀ ਬਣਦਾ ਹੈ। ਵਾਮ ਮਾਰਗੀਆਂ ਵਿੱਚ ਵੀ ਪੰਜ ਦਾ ਅੰਗ ਵਿਸ਼ੇਸ਼ ਰੂਪ ਰੱਖਦਾ ਹੈ। ਪੰਜ ਅੰਕ ਦੇ ਪੰਜ ਅੰਗ ਇਹ ਹਨ:-

1. ਮਧ । 2. ਮਾਸ। 3. ਮੈਥਨ। 4. ਮਾਇਆ।
5. ਮੁਦਰਾ।

ਜੈਨਮਤ ਦੇ ਪ੍ਰਸਿੱਧ ਤੀਰਥਾਂਕਰ ਨੂੰ ਸਿੱਧ, ਪ੍ਰਮੁੱਖ ਆਚਾਰੀਆ, ਮੁਨੀ ਤੇ ਉਦਾਸੀਆ ਆਖਦੇ ਹਨ, ਭਾਵ ਇਹ ਵੀ ਪੰਜ ਮੰਨੇ ਜਾਂਦੇ ਹਨ, ਜਿਸ ਕਰਕੇ ਪੰਜ ਦਾ ਅੰਕ ਜੈਨ ਮਤ ਵਿੱਚ ਵਿਸ਼ੇਸ਼ਤਾ ਰੱਖਦਾ ਹੈ।

ਬੁੱਧ ਮਤ ਵਿੱਚ ਵੀ ਇਹਨਾਂ ਪੰਜਾਂ ਤਪਸਵੀਆਂ ਨੂੰ ਸਰਵ-ਸਰੇਸ਼ਟ ਮੰਨਿਆ ਜਾਂਦਾ ਹੈ। ਸੋ ਇਹ ਪੰਜ ਹਨ:-

1. ਕੋਇਯ। 2. ਭੱਦਰਕਾ। 3. ਅਸਵਨੀਤ।
4. ਸਾਵਾ। 5. ਮਹਾਂਨਾਮ।

**ਇਸਲਾਮ ਮਤ:-** ਇਹ ਮਤ ਭਾਵੇਂ ਆਯੂ ਦੇ ਲਿਹਾਜ਼ ਨਾਲ ਹਿੰਦੂ, ਜੈਨ, ਬੁੱਧ ਧਰਮ ਤੋਂ ਛੋਟਾ ਹੈ, ਪਰ ਛੋਟੀ ਜਿਹੀ ਉਮਰ ਵਿੱਚ ਸਾਰੇ ਏਸ਼ੀਆਂ ਵਿੱਚ ਫੈਲ ਗਿਆ ਹੈ। ਇਸਲਾਮ ਦੇ ਨਿਯਮਾਂ ਵਿੱਚ ਵੀ ਪੰਜ ਨੂੰ ਪਮੁੱਖਤਾ ਪ੍ਰਾਪਤ ਹੈ। ਇਹ ਇਸਲਾਮ ਵਿੱਚ ਪੰਜ ਹਸਤੀਆਂ ਨੂੰ ਮੰਨਿਆਂ ਜਾਂਦਾ ਹੈ। ਇਹ ਪੰਜ ਹਸਤਿਆਂ ਇਹ ਹਨ:-

1. ਹਜ਼ਰਤ ਮੁਹੰਮਦ। 2. ਹਜ਼ਰਤ ਅਲੀ।
3. ਬੀਬੀ ਫ਼ਾਤਮਾ। 4. ਇਮਾਮ ਹਸਨ।
5. ਇਮਾਮ ਹੁਸੈਨ।

ਕਈ ਇਹਨਾਂ ਨੂੰ ਹੀ ਪੰਜ ਪੀਰ ਆਖਦੇ ਹਨ ਜਿਵੇਂ:-

1. ਪੀਰ ਸਾਜ਼ ਮੀਆਂ। 2. ਪੀਰ ਬਾਬਾ ਬਸਹਨਾ।
3. ਪੀਰ ਖ਼ਲੀਫਾ। 4. ਪੀਰ ਅਮੀਨਾ।
5. ਪੀਰ ਫਾਤਮਾ।

ਕਈ ਇਹ ਪੰਜ ਪੀਰ ਮੰਨਦੇ ਹਨ:-

1. ਪੀਰ ਸੁਲਤਾਨਾ। 2. ਪੀਰ ਮੀਰ੍ਹਾ।
3. ਪੀਰ ਗੁੱਗਾ। 4. ਪੀਰ ਬੀਬੜੀਆਂ।
5. ਪੀਰ ਸੀਤਲਾ।

**ਸਿੱਖ ਮਤ:-** ਸਿੱਖ ਮਤ ਵਿੱਚ ਪੰਜ ਦਾ ਅੰਕ ਵਿਸ਼ੇਸ਼ ਥਾਂ ਰੱਖਦਾ

ਹੈ। ਸਗੋਂ ਸਿੱਖ ਧਰਮ ਵਿੱਚ ਤਾਂ ਪੰਜ ਦੇ ਅੰਕ ਨੂੰ ਬੜੀ ਹੀ ਭਾਰੀ ਮਹਾਨਤਾ ਪ੍ਰਾਪਤ ਹੈ। ਸਿੱਖ ਧਰਮ ਵਿੱਚ ਪੰਜਾਂ ਪਿਆਰਿਆਂ ਨੂੰ ਗੁਰੂ ਸਾਹਿਬ ਨੇ ਰਾਜਸੀ ਤੇ ਧਾਰਮਿਕ, ਸਮਾਜਿਕ, ਇਤਿਹਾਸਕ ਅਤੇ ਆਰਥਿਕ ਕਾਰਜਾਂ ਦੀ ਪੂਰਤੀ ਦੇ ਪੂਰਨ ਅਧਿਕਾਰ ਦਿੱਤੇ ਹੋਏ ਹਨ। ਪੰਜਾਂ ਪਿਆਰਿਆਂ ਦੇ ਫੈਸਲੇ (ਨਿਰਣੇ) ਨੂੰ ਅਕਾਲ ਪੁਰਖ ਦਾ ਹੁਕਮ ਸਮਝਿਆ ਜਾਂਦਾ ਹੈ। ਪੰਜਾਂ ਪਿਆਰਿਆਂ ਦੇ ਫੈਸਲੇ ਦੀ ਨਾ ਅਪੀਲ ਹੁੰਦੀ ਹੈ ਤੇ ਨਾ ਉਸ ਦੇ ਅੱਗੇ ਕੋਈ ਦਲੀਲ ਦਿੱਤੀ ਜਾ ਸਕਦੀ ਹੈ। ਸਗੋਂ ਪੰਜਾਂ ਪਿਆਰਿਆਂ ਦਾ ਫੈਸਲਾ ਸੁਪਰੀਮ ਹੁੰਦਾ ਹੈ।

ਅਸਲ ਵਿੱਚ ਪੰਚਾਇਤੀ ਰਾਜ ਦਾ ਮੁੱਢ ਕਲਗੀਧਰ ਪਾਤਿਸ਼ਾਹ ਨੇ ਹੀ ਬੰਨ੍ਹਿਆ ਸੀ। ਜਿਸ ਦੇ ਆਧਾਰ ਤੇ ਸਿੱਖਾਂ ਦੇ ਉਲਝੇ ਮਸਲੇ ਪੰਜਾਂ ਪਿਆਰਿਆਂ ਦੀ ਪੂਰਨ ਭਖਵੀਂ ਘੋਖ ਉਪਰੰਤ ਹੀ ਪਿੱਛੇ ਹੁੰਦੇ ਆਏ ਹਨ। ਤੇ ਅੱਜ ਵੀ ਹੋ ਰਹੇ ਹਨ।

ਹਜ਼ੂਰ ਨੇ ਸਿੱਖ ਮਰਿਯਾਦਾ ਵਿੱਚ ਪੰਜ ਦੇ ਅੰਕ ਨੂੰ ਭਾਰੀ ਮਹਾਨਤਾ ਪ੍ਰਦਾਨ ਕੀਤੀ ਹੋਈ ਹੈ। ਨਿਤ-ਨੇਮ ਕਰਨ ਹਿਤ ਵੀ ਆਪ ਜੀ ਨੇ ਪੰਜਾਂ ਬਾਣੀਆਂ ਦੇ ਪਾਠ ਕਰਨ ਦਾ ਆਦੇਸ਼ ਦਿੱਤਾ ਹੋਇਆ ਹੈ। ਸਿੱਖਾਂ ਨੂੰ ਆਪਣੀ ਪਹਿਚਾਣ ਕਾਇਮ ਰੱਖਣ ਲਈ ਪੰਜਾਂ ਕਕਾਰਾਂ ਦਾ ਧਾਰਨੀ ਬਣਾਇਆ ਹੈ। ਇਹ ਪੰਜ ਕਕਾਰ ਇਹ ਹਨ:-

1. ਕੇਸ। 2. ਕੰਘਾ। 3. ਕੜਾ। 4. ਕੱਛਹਿਰਾ।
5. ਕਿਰਪਾਨ।

ਵੈਸੇ ਤਾਂ ਪੰਜ ਤੱਤ ਤਾਂ ਸਾਰੇ ਹੀ ਧਰਮਾਂ ਨੇ ਮੰਨੇ ਹਨ ਜਿਨ੍ਹਾਂ ਦੇ ਆਧਾਰ ਤੇ ਸਰੀਰ ਦੀ ਹੋਂਦ ਕਾਇਮ ਹੁੰਦੀ ਹੈ। ਨਿਹੰਗ ਸਿੰਘ ਪੰਜ ਸ਼ਸਤਰ ਧਾਰਨ ਕਰਦੇ ਹਨ। ਉਹ ਕਹਿੰਦੇ ਹਨ ਕਿ ਹਜ਼ੂਰ ਦਾ ਹੁਕਮ ਹੈ ਸਿੰਘ ਨੂੰ ਭਾਵ ਅੰਮ੍ਰਿਤਧਾਰੀ ਸਿੰਘ ਨੂੰ ਸਦਾ ਤਿਆਰ ਬਰ-ਤਿਆਰ ਰਹਿਣ ਲਈ -ਪੰਜ ਸ਼ਸਤਰ ਧਾਰਨ ਕਰਨੇ ਚਾਹੀਦੇ ਹਨ। ਭਾਈ ਕਾਹਨ ਸਿੰਘ ਜੀ ਨਾਭਾ ਜੋ ਸਿੱਖ ਪੰਥ ਦੇ ਧੁਰੰਧਰ ਵਿਦਵਾਨ ਸਨ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਗੁਰਮਿਤ ਵਿੱਚ ਮੁੱਢ ਤੋਂ ਹੀ ਪੰਜਾਂ ਸਿੱਖਾਂ ਦੀ ਪ੍ਰਧਾਨਤਾ ਚਲੀ ਗਈ ਹੈ। ਜਿਹਾ ਕਿ ਗੁਰਬਾਣੀ ਵੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਜਿਵੇਂ:-

"ਪੰਚ ਮਿਲੇ ਪਰੂ-ਪੰਚ ਤਜ"

ਗੁਰ ਪ੍ਰਤਾਪ ਸੂਰਜ ਗ੍ਰੰਥ :- ਪੰਥ ਦੇ ਮਹਾਨ ਸਾਹਿਤਕਾਰ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:-

"ਗੁਰੂ ਘਰ ਦੀ ਮਰਿਯਾਦਾ ਪੰਚਹੁ"

ਗੁਰੂ ਅਰਜਨ ਦੇਵ ਜੀ ਦੇ ਸਮੇਂ:- ਇਹ ਪੰਜ ਪਿਆਰੇ ਸਨ:-

1. ਭਾਈ ਬਿਧੀ ਚੰਦ ਜੀ। 2. ਭਾਈ ਜੇਠਾ ਜੀ।
3. ਭਾਈ ਲੰਗਾਹ ਜੀ। 4. ਭਾਈ ਮਿਹਰਬਾਨਾ ਜੀ।
5. ਭਾਈ ਪੈੜਾ ਜੀ।

ਗੁਰੂ ਤੇਗ ਬਹਾਦਰ ਜੀ ਦੇ ਸਮੇਂ ਦੇ:- ਇਹ ਪੰਜ ਪਿਆਰੇ ਸਨ:

1. ਭਾਈ ਮਤੀਦਾਸ ਜੀ। 2. ਭਾਈ ਗੁਰਦਿੱਤਾ ਜੀ।
3. ਭਾਈ ਦਿਆਲਾ ਜੀ। 4. ਭਾਈ ਊਧਾ ਜੀ।
5. ਭਾਈ ਜੈਤਾ ਜੀ।

ਅਸੀਂ ਇਹ ਦੱਸਣ ਦਾ ਨਿਮਾਣਾ ਜਿਹਾ ਯਤਨ ਕਰਾਂਗੇ ਕਿ ਇਤਿਹਾਸਕ ਤੇ ਧਾਰਮਿਕ, ਨੀਤਕ-ਬਹੁਗੁਣ ਮੱਤ ਵਾਲਾ ਅੰਕ ਪੰਜ ਹੀ ਹੈ, ਜੋ ਸਾਰੇ ਧਰਮਾਂ ਵਿੱਚ ਪ੍ਰਮੁੱਖਤਾ ਰੱਖਦਾ ਹੈ।

ਸੰਗੀਤ ਭਾਵੇਂ ਸਤ ਸੁਰਾਂ ਦੇ ਸਮੂਹਕ ਮੇਲ ਦਾ ਨਾਂ ਹੈ, ਪਰ ਸੰਗੀਤ ਦੀਆਂ ਭਿੰਨ ਭਿੰਨ ਰਾਗ-ਮਾਲਾਵਾਂ ਹਨ। ਹਰ ਮਤ ਦੇ ਆਚਾਰੀਆਂ ਨੇ ਆਪਣੇ ਹੀ ਵਿਚਾਰਾਂ ਦੇ ਆਧਾਰ ਤੇ ਰਾਗਮਾਲਾ ਲਿਖੀ ਹੈ, ਜਿਵੇਂ:-

1. ਸ਼ਿਵ ਮਤ ਦੀ ਰਾਗਮਾਲਾ
2. ਕਾਲੀ ਨਾਥ ਮਤ ਦੀ ਰਾਗਮਾਲਾ
3. ਭਰਤ ਮਤ ਦੀ ਰਾਗਮਾਲਾ
4. ਹਨੂੰਮਾਨ ਮਤ ਦੀ ਰਾਗਮਾਲਾ
5. ਸਿਧ ਸਾਰਸੁਤ ਮਤ ਦੀ ਰਾਗਮਾਲਾ
6. ਗੰਧਾਰਣਵ ਮਤ ਦੀ ਰਾਗਮਾਲਾ
7. ਗੁਰਮਤਿ ਸੰਗੀਤ ਦੀ ਰਾਗਮਾਲਾ

ਅਸੀਂ ਗੁਰਮਤਿ ਸੰਗੀਤ ਦੀ ਰਾਗਮਾਲਾ ਦਾ ਜ਼ਿਕਰ ਇਸ ਲਈ ਕਰ ਰਹੇ ਹਾਂ ਕਿ ਇਸ ਗੁਰਮਤਿ ਸੰਗੀਤ ਦੀ ਰਾਗਮਾਲਾ ਵਿੱਚ ਵੀ ਅੰਕ ਪੰਜ ਦੀ ਵਿਸ਼ੇਸ਼ਤਾ ਅੰਕਿਤ ਹੈ, ਹੋਰਨਾਂ ਰਾਗਮਾਲਾਵਾਂ ਵਿੱਚ ਪੰਜ ਦੇ ਅੰਕ ਨੂੰ ਕੋਈ ਵਿਸ਼ੇਸ਼ ਥਾਂ ਪ੍ਰਾਪਤ ਨਹੀਂ ਹੈ। ਆਪ ਜੀ ਦੇ ਗਿਆਨ ਹਿਤ ਕਿ ਗੁਰਮਤਿ ਸੰਗੀਤ ਰਾਗਮਾਲਾ ਵਿੱਚ ਅੰਕ ਪੰਜ ਨੂੰ ਵਿਸ਼ੇਸ਼ ਪ੍ਰਮੁੱਖਤਾ ਪ੍ਰਾਪਤ ਹੈ। ਜੋ ਹੇਠ ਬਣੇ ਨਕਸ਼ੇ ਤੋਂ ਸਿੱਧ ਹੁੰਦੀ ਹੈ।

ਰਾਗ ਏਕ ਸੰਗ ਪੰਚ ਬਰੰਗਣ ਸੰਗ ਅਲਾਪੇ ਆਠੋ ਨੰਦਨ॥

ਗੁਰਮਤਿ ਸੰਗੀਤ ਰਾਗਮਾਲਾ

ਨਾਂ ਰਾਗ ਨਾਂ ਇਸਤਰੀਆਂ

1. ਭੈਰਵ ਰਾਗ -1. ਭੈਰਵੀ 2. ਬਿਲਾਵਲੀ 3. ਪੁਲਸਲੀ 4. ਬੰਗਾਲੀ, 5. ਅਸਲੇਖੀ।
2. ਮਾਲ ਕੌਸ ਰਾਗ -1. ਗੋਂਡ ਗਿਰੀ 2. ਦੇਵ ਗੰਧਾਰੀ 3. ਸੀਹੁਤੀ 4. ਧਨਾਸਰੀ।
3. ਹਿੰਡੋਲ ਰਾਗ-1. ਤੇਲੰਗੀ 2. ਦੇਵਕਰੀ, 3. ਬਸੰਤੀ 4. ਸੰਧੂਰੀ 5. ਅਹੀਰੀ।
4. ਦੀਪਕ ਰਾਗ-1. ਹਠੇਲੀ 2. ਪਟ ਮੰਜਰੀ 3. ਟੋਡੀ 4. ਕੇਸਰੀ 5. ਗੂਜਰੀ।
5. ਸ੍ਰੀ ਰਾਗ-1. ਬਸੰਤੀ 2. ਕਰਨਾਟੀ 3. ਸੀਹੁਤੀ 4. ਆਸਾਵਰੀ 5. ਸਿੰਧਵੀ।
6. ਮੇਘਰਾਗ-1. ਸੋਰਠਿ 2. ਗੋਂਡ 3. ਮਲਾਰੀ 4. ਆਸਾ 5. ਸੂਹੋ।

(ਸਿਧ-ਨਾਥਾਂ) ਤੇ ਹੋਰ ਖੱਟ ਦਰਸ਼ਨ ਵੀ ਪੰਜ ਸ਼ਬਦਾਂ ਨੂੰ ਹੀ ਪ੍ਰਮੁੱਖਤਾ ਦੇਂਦੇ ਹਨ। ਭਗਤ ਵੀ ਪੰਜ ਸ਼ਬਦਾਂ ਨੂੰ ਵਿਸ਼ੇਸ਼ ਰੂਪ ਵਿਚ ਸਵੀਕਾਰ ਕਰਦੇ ਹਨ। ਸੰਖੇਪ ਵਿੱਚ ਕਹਿਣਾ ਚਾਹੁੰਦਾ ਹਾਂ, ਕਿ ਪੰਜ ਦਾ ਅੰਕ ਸਿੱਖਾਂ ਵਿਚ ਤਾਂ ਸੁਪਰੀਮ ਪਾਵਰ ਰੱਖਦਾ ਹੈ। ਆਸ ਕਰਦਾ ਹਾਂ ਕਿ ਪਾਠਕਜਨ ਅੰਕ ਪੰਜ ਦੀ ਮਹਾਨਤਾ ਨੂੰ ਸਵੀਕਾਰ ਕਰਕੇ ਆਪਣਾ ਜੀਵਨ ਸੁਧਾਰ ਸਕਣਗੇ।

# ਇੱਕ ਅਪੰਗ ਸਿੱਖ ਦੀ ਵਿਥਿਆ

ਪਿਆਰਾ ਸਿੰਘ ਮਾਹਲ

(ਸ. ਪਿਆਰਾ ਸਿੰਘ ਮਾਹਲ ਡੀ. 34 (ਗਰਾਊਂਡ ਫਲੋਰ ਗੁਲਮੋਹਰ ਪਾਰਕ ਨਵੀਂ ਦਿਲੀ ਫੋਨ-011-6961282, 6513080) ਮੇਰੇ ਸਤਿਕਾਰ ਯੋਗ ਬਜ਼ੁਰਗ ਮਿੱਤਰ ਹਨ। ਕਾਰ ਐਕਸੀਡੈਂਟ ਕਾਰਨ ਉਹਨਾਂ ਦੀਆਂ ਲੱਤਾ ਦੀਆਂ ਹੱਡੀਆਂ ਟੁਟ ਗਈਆਂ। ਉਹਨਾਂ ਦਾ ਚਲਣਾ ਫਿਰਨਾ ਮੁਸ਼ਕਲ ਹੋ ਗਿਆ। ਪਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨ ਦੀ ਸਿੱਕ ਉਹਨਾਂ ਵਿਚ ਹੈ! ਉਹਨਾਂ ਦੀਆਂ ਕੁਝ ਮੁਸ਼ਕਲਾਂ ਹਨ। ਮੇਰੇ ਵਿਚਾਰ ਵਿਚ ਇਹ ਮੁਸ਼ਕਲਾਂ ਹਰ ਬਜ਼ੁਰਗ ਅਤੇ ਬੀਮਾਰ ਸਿੱਖ ਦੀਆਂ ਹਨ। ਇਹਨਾਂ ਵੱਲ ਆਪ ਦਾ ਧਿਆਨ ਸ੍ਰ. ਪਿਆਰਾ ਸਿੰਘ ਮਾਹਲ ਦੇ ਸ਼ਬਦਾ ਵਿਚ ਹੀ ਦਿਵਾਉਣਾ ਚਾਹੁੰਦਾ ਹਾਂ-ਸੰਪਾਦਕ)।

ਮੈ ਆਪਣੀ ਪਤਨੀ ਸਮੇਤ ਅੰਮ੍ਰਿਤਸਰ ਦਰਬਾਰ ਸਾਹਿਬ ਸ੍ਰੀ ਹਰਮੰਦਰ ਸਾਹਿਬ ਦੇ ਦਰਸ਼ਨ ਕਰਨ ਗਿਆ ਮੇਰਾ ਚਲਣਾ ਫਿਰਨਾ ਮੁਸ਼ਕਿਲ ਹੈ। ਮੈਂ ਸੇਵਾਦਾਰ ਨੂੰ ਪੁੱਛਿਆ ਕਿ ਇੱਥੇ ਕਿਸੇ ਵਹੀਲ ਚੇਅਰ ਦਾ ਪ੍ਰਬੰਧ ਹੈ ਤਾਂ ਉਹਨਾਂ ਦਸਿਆ ਕਿ ਵਹੀਲ ਚੇਅਰ ਦਾ ਪ੍ਰਬੰਧ ਨਹੀਂ ਹੈ। ਮੈਂ ਪੁੱਛਿਆ ਕਿ ਅਸੀਂ ਆਪਣੀ ਵਹੀਲ ਚੇਅਰ ਲੈ ਆਉਂਦੇ ਹਾਂ ਤਾਂ ਉਤਰ ਮਿਲਿਆ ਕਿ ਦਰਬਾਰ ਸਾਹਿਬ ਵਿੱਚ ਵਹੀਲ ਚੇਅਰ ਲੈ ਕੇ ਜਾਣ ਦੀ ਆਗਿਆ ਨਹੀਂ ਹੈ।

ਔਖਾ ਸੌਖਾ ਹੋ ਕੇ ਮੈਂ ਪਰਕਰਮਾ ਦੇ ਨੇੜੇ ਪੁਜਿਆ ਤੇ ਵੇਖਿਆ ਕਿ ਇਥੇ ਪਉੜੀਆਂ ਉਚੀਆਂ ਬਣਾਈਆਂ ਹੋਈਆਂ ਹਨ। ਇਹ ਪਉੜੀਆਂ 6 ਇੰਚ ਦੀਆਂ ਬਣ ਸਕਦੀਆਂ ਹਨ। ਥਾਂ ਦੀ ਕੋਈ ਘਾਟ ਨਹੀਂ। ਇਸ ਨਾਲ ਉਤਰਨਾ ਕੁਝ ਸੋਖਾ ਹੋ ਜਾਵੇਗਾ। ਮੈਨੂੰ ਜਦੋਂ ਮੇਰੇ ਨਾਲ ਗਏ ਦੋ ਬੰਦਿਆਂ ਨੇ ਇਸ਼ਨਾਨ ਕਰਵਾਇਆ ਤਾਂ ਬਰਛੇ ਵਾਲਾ ਸੇਵਾਦਾਰ ਸਾਡੇ ਸਿਰ ਤੇ ਖੜਾ ਜਿਵੇਂ ਅਸੀਂ ਕੋਈ ਮੁਜਰਮ ਹੋਈਏ। ਮੈਨੂੰ ਸਮਝ ਨਹੀਂ ਆਉਂਦੀ ਗੁਰੂ ਘਰ ਵਿੱਚ ਇਹ ਬਰਛੇ ਵਾਲੇ ਸੇਵਾਦਾਰ ਕਿਉਂ ਖੜੇ ਕੀਤੇ ਹਨ। ਇਹ ਸੇਵਾ ਕਿਸੇ ਦੀ ਨਹੀਂ ਕਰਦੇ। ਕਿਸੇ ਦੀ ਸਹਾਇਤਾ ਨਹੀਂ ਕਰਦੇ ਪਰਕਰਮਾ ਵਿੱਚ ਕੋਈ ਬੀਮਾਰ, ਲਾਚਾਰ, ਬਜ਼ੁਰਗ ਲੇਟਿਆ ਹੈ ਤਾਂ ਇਹ ਉਸ ਨੂੰ ਝਿੜਕਦੇ ਤਾਂ ਹਨ ਪਰ ਉਸ ਦੀ ਸਹਾਇਤਾ ਬਿਲਕੁਲ ਨਹੀਂ ਕਰਦੇ ਹਨ।

ਇਸ਼ਨਾਨ ਕਰਕੇ ਜਦੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵਧੇ ਤਾਂ ਪਰਕਰਮਾ ਉੱਪਰ ਲੱਗਾ ਸੰਗਮਰਮਰ ਇਤਨਾ ਗਰਮ ਸੀ ਕਿ ਉਸ ਉੱਤੇ ਤੁਰਨਾ ਹੀ ਮੁਸ਼ਕਲ ਸੀ। ਇਹ ਸੰਗਮਰਮਰ ਗਰਮੀਆਂ ਵਿੱਚ ਅਤਿ ਗਰਮ ਅਤੇ ਸਰਦੀਆਂ ਵਿੱਚ ਅਤਿ ਸਰਦ ਹੋ ਜਾਂਦਾ ਹੋਵੇਗਾ।

ਮੈਂ ਹੇਠਾਂ ਨਹੀਂ ਬੈਠ ਸਕਦਾ ਅਤੇ ਕਿਸੇ ਚੌਂਕੀ ਅਤੇ ਕੁਰਸੀ ਤੇ ਬੈਠਣ ਦੀ ਆਗਿਆ ਨਹੀਂ ਇਸ ਲਈ ਮੈਂ ਉਥੇ ਬੈਠ ਹੀ ਨਹੀਂ ਸਕਿਆ। ਘੱਟੋ ਘੱਟ ਮੇਰੇ ਜਿਹੇ ਵਿਅਕਤੀ ਨੂੰ ਤਾਂ ਕੁਰਸੀ ਜਾਂ ਬੈਂਚ ਤੇ ਬੈਠਣ ਦੀ ਆਗਿਆ ਦੇ ਦੇਣੀ ਚਾਹੀਦੀ ਹੈ।

ਬਾਹਰ ਆ ਕੇ ਮੈਂ ਲੈਟਰੀਨ ਬਾਰੇ ਪੁੱਛਿਆ ਤਾਂ ਉਹ ਕਾਫੀ ਦੂਰ ਸੀ! ਇੰਗਲਿਸ਼ ਲੈਟਰੀਨ ਵੀ ਕਈ ਪਉੜੀਆਂ ਉੱਪਰ ਨੂੰ ਚੜ੍ਹ ਕੇ ਸੀ।

ਮੇਰੀ ਬੇਨਤੀ ਹੈ ਕਿ ਲੈਟਰੀਨ ਆਦਿ ਬਿਲਕੁਲ ਜੋੜੇ ਘਰ ਦੇ ਨਾਲ ਹੀ ਚਾਹੀਦੇ ਹਨ ਤਾਂ ਜੋ ਸਰਧਾਲੂ ਇਹਨਾਂ ਤੋਂ ਫਾਰਗ ਹੋ ਕੇ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਜਾ ਸਕੇ।


## ਮਾਤਾ ਗੁਜਰੀ ਬਿਰਧ ਘਰ ਅਤੇ ਅਨਾਥ ਆਸ਼ਰਮ

(ਵਲੋਂ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਿਲ)

ਗਿੱਲ ਫਾਰਮ, ਪਿੰਡ ਖਾਨਪੁਰ, ਖਰੜ, ਰੋਪੜ - ਫੋਨ : 91845741, 91845730

ਏਥੇ 25 ਬਜ਼ੁਰਗਾਂ ਤੇ 25 ਅਨਾਥ ਜਾਂ ਗਰੀਬ ਬੱਚਿਆਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਬੜੇ ਸੁੱਚਜੇ ਤਰੀਕੇ ਨਾਲ ਕੀਤਾ ਗਿਆ ਹੈ।

ਲੋੜਵੰਦ ਸਿੱਧੇ ਜਾਂ ਹੇਠ ਲਿਖੇ ਪਤੇ ਤੇ ਸੰਪਰਕ ਕਰੋ :-

ਸ. ਹਰੀ ਸਿੰਘ, 307, ਸੈਕਟਰ 35-ਏ, ਚੰਡੀਗੜ੍ਹ ਫੋਨ : 601947

# ਨੋਟੇਸ਼ਨਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| ੧ੴਸਤਿਗੁਰ ਪ੍ਰਸਾਦਿ॥ | There is but One God. By the True Guru's favour He is obtained. | ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਮਿਹਰ ਦੁਆਰਾ ਉਹ ਪਰਾਪਤ ਹੁੰਦਾ ਹੈ। |
| ਰਾਗੁ ਗਉੜੀ ਮਹਲਾ ੯॥ | Rag Gauri 9th Guru. | ਰਾਗ ਗਉੜੀ ਪਾਤਸ਼ਾਹੀ ਨੌਵੀਂ। |
| ਸਾਧੋ ਮਨ ਕਾ ਮਾਨੁ ਤਿਆਗਉ॥ | O Saints shed your mental pride. | ਸੰਤੋ! ਆਪਣੇ ਮਾਨਸਕ ਹੰਕਾਰ ਨੂੰ ਛੱਡ ਦਿਓ। |
| ਕਾਮ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥੧॥ ਰਹਾਉ॥ | Lust, wrath, and the society of evil persons, from them do thou run away, day and night.Pause | ਮਿਥਨ ਹੁਲਾਸ, ਗੁੱਸੇ ਅਤੇ ਮੰਦੇ ਪੁਰਸ਼ਾਂ ਦੇ ਮੇਲ-ਮਿਲਾਪ, ਉਨ੍ਹਾਂ ਤੋਂ ਤੂੰ ਦਿਨ ਰੈਣ ਦੂਰ ਭੱਜ ਜਾ। ਠਹਿਰਾਉ। |
| ਸੁਖ ਦੁਖ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੧॥ | He, who recognises both weal and woe, and honour and dishonour as the same, and he who remains aloof from joy and sorrow, he realises the real thing in the world. | ਜੋ ਕੋਈ ਦੋਨਾਂ ਹੀ ਖੁਸ਼ੀ ਤੇ ਗ਼ਮੀ ਅਤੇ ਇੱਜ਼ਤ ਤੇ ਬੇਇਜ਼ਤੀ ਨੂੰ ਇਕ ਸਮਾਨ ਕਰ ਕੇ ਸਮਝਦਾ ਹੈ, ਅਤੇ ਜੋ ਅਨੰਦ ਅਤੇ ਅਫ਼ਸੋਸ ਤੋਂ ਅਟੰਕ ਰਹਿੰਦਾ ਹੈ, ਉਹ ਸੰਸਾਰ ਅੰਦਰ ਅਸਲ ਵਸਤੂ ਨੂੰ ਅਨੁਭਵ ਕਰ ਲੈਂਦਾ ਹੈ। |
| ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥ | One should renounce both praising and blaming others, and search for the dignity of salvation. | ਬੰਦੇ ਨੂੰ ਕਿਸੇ ਦੀ ਉਪਮਾ ਤੇ ਬਦਖੋਹੀ ਕਰਨੀ ਦੋਨੋ ਹੀ ਛੱਡਣੇ ਯੋਗ ਹਨ ਅਤੇ ਉਸ ਨੂੰ ਮੁਕਤੀ ਦੇ ਦਰਜੇ ਨੂੰ ਭਾਲਣਾ ਉਚਿੱਤ ਹੈ। |
| ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰ-ਮੁਖਿ ਜਾਨਾ॥੨॥੧॥ | O Serf Nanak, this is a difficult game only a few know it through the Guru. | ਹੇ ਨਫ਼ਰ ਨਾਨਕ! ਇਹ ਖੇਡ ਔਖੀ ਹੈ। ਕੋਈ ਵਿਰਲਾ ਹੀ, ਗੁਰਾਂ ਦੇ ਰਾਹੀਂ ਇਸ ਨੂੰ ਜਾਣਦਾ ਹੈ! |
| ਆਸਾ ਮਹਲਾ ੫॥ | Asa 5th Guru | ਆਸਾ ਪੰਜਵੀ ਪਾਤਸ਼ਾਹੀ। |
| ਤੂ ਮੇਰਾ ਤਰੰਗੁ ਹਮ ਮੀਨ ਤੁਮਾਰੇ॥ | Thou art my water and I a fish of Thine | ਤੂੰ ਮੈਂਡਾ ਪਾਣੀ ਹੈਂ ਅਤੇ ਮੈਂ ਤੇਰੀ ਮੱਛੀ। |
| ਤੂ ਮੇਰਾ ਠਾਕੁਰੁ ਹਮ ਤੇਰੈ ਦੁਆਰੈ ॥੧॥ | Thou art my Lord and I, a beggar at Thy gate. | ਤੂੰ ਮੇਰਾ ਸਾਹਿਬ ਹੈਂ ਅਤੇ ਮੈਂ ਤੇਰੇ ਬੂਹੇ ਦਾ ਮਗਤਾ। |
| ਤੂੰ ਮੇਰਾ ਕਰਤਾ ਹਉ ਸੇਵਕ ਤੇਰਾ॥ | Thou art my Creator and I am a servant of Thine. | ਤੂੰ ਮੇਰਾ ਸਿਰਜਣਹਾਰ ਹੈਂ ਅਤੇ ਮੈਂ ਤੇਰਾ ਟਹਿਲੂਆ ਹਾਂ। |
| ਸਰਣਿ ਗਹੀ ਪ੍ਰਭ ਗੁਨੀ ਗਹੇਰਾ ॥੧॥ ਰਹਾਉ॥ | I have grasped Thy protection, O the Master of profound excellences. Pause. | ਮੈਂ ਤੇਰੀ ਪਨਾਹ ਪਕੜੀ ਹੈ, ਹੇ ਗੰਭੀਰ, ਉਤਕ੍ਰਿਸ਼ਟ ਤਾਈਆਂ ਦੇ ਮਾਲਕ! ਠਹਿਰਾਉ। |
| ਤੂ ਮੇਰਾ ਜੀਵਨੁ ਤੂ ਆਧਾਰੁ॥ | Thou art my life and Thou my support. | ਤੂੰ ਮੇਰੀ ਜਿੰਦ-ਜਾਨ ਹੈਂ ਅਤੇ ਤੂੰ ਹੀ ਮੇਰਾ ਆਸਰਾ। |
| ਤੁਝਹਿ ਪੇਖਿ ਬਿਗਸੈ ਕਉਲਾਰੁ॥੨॥ | On beholding Thee, my heart lotus blooms. | ਤੈਨੂੰ ਵੇਖਣ ਨਾਲ ਮੇਰਾ ਦਿਲ ਕੰਵਲ ਖਿੜ ਜਾਂਦਾ ਹੈ। |
| ਤੂ ਮੇਰੀ ਗਤਿ ਪਤਿ ਤੂ ਪਰਵਾਨੁ॥ | Thou art my salvation and honour and Thou the Acceptor. | ਤੂੰ ਮੈਂਡੀ ਮੁਕਤੀ ਤੇ ਇਜ਼ਤ ਆਬਰੂ ਹੈਂ ਅਤੇ ਤੂੰ ਹੀ ਕਬੂਲ ਕਰਨਹਾਰ। |
| ਤੂ ਸਮਰਥੁ ਮੈ ਤੇਰਾ ਤਾਣੁ॥੩॥ | Thou art Omnipotent. Thou art my strength. | ਤੂੰ ਸਰਬ-ਸ਼ਕਤੀਵਾਨ ਹੈਂ, ਤੂੰ ਹੀ ਮੇਰੀ ਸੱਤਿਆ ਹੈਂ। |
| ਅਨਦਿਨੁ ਜਪਉ ਨਾਮ ਗੁਣਤਾਸਿ॥ ਨਾਨਕ ਕੀ ਪ੍ਰਭ ਪਹਿ ਅਰਦਾਸਿ॥੪॥ | Night and day Nanak repeats the Name, the treasure of excellences and makes supplication before the Lord. | ਰੈਣ ਦਿਹੁੰ, ਨਾਨਕ ਸ੍ਰੇਸ਼ਟਤਾਈਆਂ ਦੇ ਖ਼ਜ਼ਾਨੇ ਨਾਮ ਦਾ ਉਚਾਰਨ ਕਰਦਾ ਅਤੇ ਸੁਆਮੀ ਮੂਹਰੇ ਪ੍ਰਾਰਥਨਾ ਕਰਦਾ ਹੈ। |

# ਰਾਗ ਗਉੜੀ (ਭੈਰਵ ਅੰਗ)

-ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ

ਇਸ ਰਾਗ ਦੇ ਸੁਰ ਹਨ ਰੇਧ ਕੋਮਲ ਬਾਕੀ ਸ਼ੁਧ। ਆਰੋਹ ਵਿੱਚ ਧੁ ਵਰਜਿਤ ਹੈ। ਆਮ ਤੌਰ ਤੇ ਆਰੋਹ ਵਿੱਚ ਗੰਧਾਰ ਨੂੰ ਵਕਰ ਰਖਿਆ ਜਾਂਦਾ ਹੈ ਅਤੇ ਆਰੰਭ ਵਿੱਚ ਸ ਰੇ ਗਾ, ਰੇ ਮਪ- ਇਸ ਪ੍ਰਕਾਰ ਸੁਰਾਂ ਨੂੰ ਲਿਆ ਜਾਂਦਾ ਹੈ। ਅਵਰੋਹ ਸੰਪੂਰਨ ਹੈ। ਰਿਸ਼ਭ ਅਤੇ ਧੈਵਤ ਭੈਰਵ ਵਾਂਗ ਅੰਦੋਲਿਤ ਨਾ ਰੱਖ ਕੇ ਕੇਵਲ ਨਿਸ਼ਾਦ ਅਤੇ ਗੰਧਾਰ ਤੇ ਨਿਆਸ ਕੀਤਾ ਜਾਂਦਾ ਹੈ। ਨਿਸ਼ਾਦ ਤੇ ਵਿਸ਼ੇਸ਼ ਨਿਆਸ ਗਉੜੀ ਅੰਗ ਦਾ ਪ੍ਰਤੀਕ ਹੈ। ਗਉੜੀ ਦੇ ਹਰ ਪ੍ਰਕਾਰ ਵਿੱਚ ਨਿਸ਼ਾਦ ਤੇ ਨਿਆਸ ਕਰਨਾ ਆਵਸ਼ਕ ਹੈ। ਇਸ ਰਾਗ ਨੂੰ ਭੈਰਵ ਅਤੇ ਕਲਿੰਗੜਾ ਤੋਂ ਅਲਗ ਰੱਖਣਾ ਪੈਂਦਾ ਹੈ। ਕੋਮਲ ਧੈਵਤ, ਕੋਮਲ ਰਿਸ਼ਭ ਉਪਰ ਘਟ, ਗੰਧਾਰ ਤੇ ਕੁਝ ਕੁ ਅਤੇ ਨਿਸ਼ਾਦ ਤੇ ਅਧਿਕ ਨਿਆਸ ਕਰਕੇ ਰਾਗ ਦੇ ਰੂਪ ਨੂੰ ਸਪਸ਼ਟ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਵਧ ਬਾਣੀ ਇਸੀ ਰਾਗ ਵਿਚ ਹੈ। ਭਗਤ ਕਬੀਰ ਨੇ ਵੀ ਸਭ ਤੋਂ ਵਧ ਬਾਣੀ ਇਸੀ ਰਾਗ ਵਿੱਚ ਉਚਾਰਨ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਗਉੜੀ ਦੇ ਕੁਲ 12 ਪ੍ਰਕਾਰ ਮਿਲਦੇ ਹਨ ਅਤੇ ਗਉੜੀ ਸੰਬੰਧੀ ਇਸ ਪ੍ਰਕਾਰ ਲਿਖਿਆ ਹੈ- 'ਗਉੜੀ ਰਾਗ ਸੁਲਖਣੀ ਜੇ ਖਸਮੈ, ਚਿਤਿ ਕਰੇਇ॥ ਭਾਣੈ ਚਲੈ ਸਤਿਗੁਰੂ ਕੈ, ਐਸਾ ਸੀਗਾਰ ਕਰੇਇ॥' ਇਹ ਵਿਸ਼ੇਸ਼ ਧਿਆਨ ਯੋਗ ਗੱਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 12 ਪ੍ਰਕਾਰ ਦੀਆਂ ਗਉੜੀਆਂ ਵਿੱਚ ਕੇਵਲ ਕੁਝ ਹੀ ਪ੍ਰਕਾਰ ਗਉੜੀ, ਗਉੜੀ ਪੂਰਬੀ, ਗਉੜੀ ਚੇਤੀ ਆਦਿ ਭਾਰਤੀ ਸੰਗੀਤ ਵਿਚ ਪ੍ਰਚਲਿਤ ਹਨ। ਲਗਭਗ ਗਉੜੀ ਦੇ 9 ਪ੍ਰਕਾਰਾਂ ਜਿਵੇਂ ਗਉੜੀ ਗੁਆਰੇਰੀ, ਗਉੜੀ ਦੱਖਣੀ, ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਬੈਰਾਗਣ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਗਉੜੀ ਸੋਰਠ ਆਦਿ ਰਾਗਾਂ ਦਾ ਅਵਿਸ਼ਕਾਰ ਅਤੇ ਪ੍ਰਚਾਰ ਗੁਰੂ ਸਾਹਿਬਾਨ ਨੇ ਕੀਤਾ।

ਇਨ੍ਹਾਂ ਰਾਗਾਂ ਦੇ ਸਰੂਪ ਨਿਰਧਾਰਿਤ ਕਰਨ ਲਈ ਗੁਰਦੁਆਰਾ ਗਿਆਨ ਪ੍ਰਕਾਸ਼ ਜਵੱਦੀ ਕਲਾਂ, ਲੁਧਿਆਣੇ ਵਿਖੇ ਇਕ ਰਾਗ ਨਿਰਨਾਇਕ ਕਮੇਟੀ ਬਣਾਈ ਅਤੇ ਇਸ ਕਮੇਟੀ ਦੇ ਕਨਵੀਨਰ ਦੀ ਸੇਵਾ ਦਾਸ ਨੇ ਕੀਤੀ। ਜਵੱਦੀ ਕਲਾਂ ਵਿਖੇ ਹੋਏ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਵਿੱਚ ਗਉੜੀ ਦੇ ਹਰ ਪ੍ਰਕਾਰ ਨੂੰ ਵੱਖ-2 ਰਾਗੀਆਂ ਤੋਂ ਗਾਇਨ ਕਰਵਾਇਆ ਗਿਆ।

1997 ਵਿਚ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਜਵੱਦੀ ਕਲਾਂ ਹੋਏ ਸੱਤਵੇਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿੱਚ "ਗਉੜੀ ਰਾਗ ਸੁਲਖਣੀ" ਦੇ ਨਾਂ ਹੇਠ 12 ਗਉੜੀਆਂ ਦੀਆਂ ਤਿੰਨ ਆਡਿਉ ਕੈਸਟਾਂ ਤਿਆਰ ਕਰਕੇ ਰਿਲੀਜ਼ ਕੀਤੀਆਂ। ਇਨ੍ਹਾਂ ਆਡੀਓ ਕੈਸਟਾਂ ਵਿੱਚ ਅਤੇ ਅਦੁੱਤੀ ਗੁਰਮਤਿ ਸੰਮੇਲਨ ਵਿੱਚ ਦਾਸ ਨੇ ਗਉੜੀ (ਭੈਰਵ ਅੰਗ) ਵਿੱਚ ਜਿਸ ਸ਼ਬਦ ਦਾ ਗਾਇਨ ਕੀਤਾ ਸੀ, ਉਸਦੀ ਮੁੱਖ ਸੁਰ ਲਿਪੀ ਇਸ ਅੰਕ ਵਿਚ ਦਿਤੀ ਜਾ ਰਹੀ ਹੈ।

| | | |
|---|---|---|
| ਆਰੋਹ - | ਸਾ, ਰੇ, ਗ ਰੇ, ਸਾ, ਰੇ ਮਪ, ਨ਼ੀ ਸਾਂ। | |
| ਅਵਰੋਹ - | ਸਾਂ ਨੀ, ਧੁ ਮ ਪ, ਧੁ ਪ ਮਗ, ਰੁ ਗ ਰੇ ਨ਼ੀ ਸਾ। | |
| ਪਕੜ - | ਮ ਧੁ ਪ ਮ ਪ, ਮਗ, ਰੇ ਗ ਰੇ ਸਾ ਨ਼ੀ, ਸਾ। | |
| ਵਾਦੀ - | ਰੇ | ਸੰਵਾਦੀ ਪ |
| ਜਾਤੀ - | ਸ਼ਾੜਣ - | ਸੰਪੂਰਣ |
| ਸਮਾਂ - | ਸ਼ਾਮ (ਰਾਤ ਦਾ ਪਹਿਲਾ ਪਹਿਰ) | |
| ਸੁਰ ਵਿਸਥਾਹਰ- | ਸਾ, ਰੇ ਗ ਰੇ ਸਾ ਨ਼ੀ, ਸਾ, ਰੇ ਗ ਰੇ ਸਾ, ਰੇ ਮ ਪ, ਧੁ ਪ ਮ ਗ ਰੇ ਗ ਰੇ, ਸਾ, ਰੇ ਗਰੇ ਮ ਪ, ਮ ਪ ਮ ਧੁ ਪ, ਧੁ ਮ ਪ ਨੀ, ਧੁ ਪ, ਪ ਧੁ ਮ ਪ ਨੀ, ਸਾਂ, ਰੇਂ ਗਂ ਰੇਂ ਸਾਂ, ਰੇਂ ਗ ਰੇਂ ਮਂ ਪਂ, ਮਂ ਗਂ ਰੇਂ ਗਂ ਰੇਂ, ਰੇਂ ਗਂ ਰੇਂ ਸਾਂ ਨੀ, ਸਾਂ ਸਾਂ ਨੀ, ਧੁ ਪ, ਮ ਪ ਨੀ, ਧੁ ਪ, ਨੀ ਧੁ ਪ ਮ ਪ ਮ ਗ, ਰੇ ਮ ਪ ਮ ਗ ਰੇ ਗ, ਰੇ ਗ ਰੇ, ਰੇ, ਗ ਰੇ ਸਾ ਨ਼ੀ, ਸਾ। | |

**ਸਥਾਈ ਤਿੰਨ ਤਾਲ ਮੱਧ ਲੈਅ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਧੁ | ਮ | ਮਪ | ਨੀਸਾਂ | - | ਧੁ | ਧੁ | ਮ |
| | | | | | | | | ਸਾ | s | ਧੋs | ss | s | ਮ | ਨ | ਕਾ |
| ਪ | - | - | ਮਮ | ਗਰੇ | ਗ | -ਰੇ | ਸਾ | - | ਰੇਗ | -ਰੇ | -ਸਾ | ਸਾ | ਸਾਰੇ | ਨ਼ੀ | - |
| ਮਾ | s | s | ਨਤਿ | ਆs | s | sਗੋ | s | s | ਕਾs | sਮ | sਕੋ੍ | s | ss | ਧ | - |
| - | -ਸਾ | ਰੇਗ | ਰੇਗ | ਰੇ | ਰੇ | ਸਾ | - | - | ਰੇਗ | -ਰੇ | -ਸਾ | ਸ | ਪ | ਪ | - |
| s | sਸੈਂ | ਗਤਿ | ਦੂਰ | ਜ | ਨ | ਕੀ | s | s | ਕਾ | sਮ | sਕੋ੍ | s | ss | ਧ | s |
| - | ਪ | ਪਪ | ਧੁਪ | ਮ | ਧੁ | ਪ | - | - | ਮ | - | ਪ | ਨੀ | ਨੀ | ਸਾਂ | ਸਾਂ |
| s | ਸੈਂ | ਗਤਿ | ਦੂਰ | ਜ | ਨ | ਕੀ | s | s | ਤਾ | s | ਤੇ | ਅ | ਹਿ | ਨਿੰ | ਸ |
| - | ਰੁਸਾਂ | ਸਾਂ | ਨੀਸਾਂ | ਨੀ | ਧੁ | ਪ | - | - | ਮ | - | ਪ | ਨੀ | ਨੀ | ਸਾਂ | ਸਾਂ |
| s | ਭਾ | s | ss | ਗੋ | s | s | s | s | ਤਾ | s | ਤੇ | ਅ | ਹਿ | ਨਿ | ਸ |
| ਸਾਂਨੀ | ਸਾਂਰੁਂ | ਸਾਂਨੀ | ਧੁਪ | ਨੀਨੀ | ਧੁਪ | ਮਧੁ | ਪ | | | | | | | | |
| ਭਾs | ss | ss | ss | ss | ss | ss | ਗੋ | | | | | | | | |
| X | | | | 2 | | | | 0 | | | | 3 | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | - | ਮਮ | ਪ | ਪ | ਧੁ | ਪ | ਧੁਪ | ਮ |
| | | | | | | | | S | ਸੁਖ | ਦੁ | ਖੁ | ਦੋ | S | ਨੋS | S |
| - | ਮਪ | ਨੀ | ਨੀ | ਸਂ | ਸਾਂਰੇਂ | ਸਾਂਨੀ | ਸਾਂ | - | ਰੇਂ | -ਰੇਂ | -ਰੇਂ | ਰੇਂਗਾਂ | ਰੇਂ | ਸਾਂ | ਸਾਂ |
| S | ਸਮ | ਕ | ਰਿ | ਜਾ | SS | ਨੈS | S | S | ਆਉ | Sਰੁ | Sਮਾ | SS | ਨੁ | ਅ | ਪ |
| ਨੀ | ਸਾਂ | ਨੀਸਾਂ | ਰੇਂਸਾਂ | ਨੀ | ਧੁ | ਪ | - | - | ਧੁਧੁ | -ਧੁ | -ਧੁ | ਪ | ਧੁ | ਪ | ਮ |
| ਮਾ | S | SS | SS | ਨਾ | S | S | S | S | ਹਰ | Sਖ | Sਸੋ | S | ਗ | ਤੇ | S |
| ਮ | ਪ | - | -ਮ | ਗਰੇ | ਗ | -ਰੇ | ਸਾ | - | ਮਮ | -ਪ | -ਪ | ਨੀ | - | ਸਾਂ | ਸਾਂ |
| ਰ | ਹੈ | S | Sਅ | ਤੀS | S | Sਤਾ | S | S | ਤਿਨਿ | Sਜ | Sਗਿ | ਤ | S | ਤੁ | ਪ |
| - | ਰੇਸਾਂ | ਸਾਂ | ਨੀਸਾਂ | ਨੀ | ਧੁ | ਪ | - | - | ਮਮ | -ਪ | -ਪ | ਨੀ | - | ਸਾਂ | ਸਾਂ |
| S | ਛਾS | S | SS | ਨਾ | S | S | S | S | ਤਿਨਿ | Sਜ | Sਗਿ | ਤ | S | ਤੁ | ਪ |
| ਸਾਂਨੀ | ਸਾਂਰੇਂ | ਸਾਂਨ. | ਧੁਪ | ਨੀਨੀ | ਧੁਪ | ਮਧੁ | ਪ | | | | | | | | |
| ਛਾS | SS | SS | SS | SS | SS | SS | ਨਾ | | | | | | | | |

### ਰਾਗ ਆਸਾ ਤਾਲ ਦਾਦਰਾ

-ਪ੍ਰੋ: ਕਰਤਾਰ ਸਿੰਘ

ਥਾਟ: ਬਿਲਾਵਲ॥ ਸਵਰ: ਸਾਰੇ ਸ਼ੁੱਧ॥
ਵਰਜਿਤ ਸਵਰ: ਆਰੋਹ ਵਿਚ ਗੰਧਾਰ ਤੇ ਨਿਸ਼ਾਦ॥ ਜਾਤੀ: ਔੜਵ-ਸੰਪੂਰਨ॥
ਵਾਦੀ॥ ਮਾ॥ ਸੰਵਾ ਦੀ: ਸ॥ ਸਮਾਂ: ਰਾਤ ਦਾ ਅੰਤਮ ਪਹਿਰ ਤੇ ਸ਼ਾਮ ਦਾ ਸੰਧੀ ਪ੍ਰਕਾਸ਼॥
ਆਰੋਹ: ਸ. ਰਮ, ਪ, ਧਸਂ॥ ਅਵਰੋਹ: ਸਂਨਧਪ, ਮਗਰ, ਸਰਗਸ॥
ਮੁਖ ਅੰਗ: ਰ. ਮਪ, ਧਸਂ, ਨ ਧ ਪ ਮ, ਗ ਰ, ਸ ਰ ਗ ਸ॥

### ਅਸਥਾਈ

| x | | | 0 | | | x | | | 0 | | ਤਾਲ: ਕਹਿਰਵਾ |
|---|---|---|---|---|---|---|---|---|---|---|---|
| 1 | 2 | 3 | 4 | 5 | 6 | 1 | 2 | 3 | 4 | 5 | 6 |
| ਪ | ਧ | ਪ | ਮਮ | ਗ | ਰ | ਸ | ਰ | ਗਗ | ਸ | ਰ | ਸ |
| ਤੂੰ | ਮੇ | ਰਾ | ਕਰ | ਤਾ | S | ਹਉ | ਸੇ | ਵਕੁ | ਤੇ | S | ਰਾ |
| ਰ | ਮ | ਮ | ਪ | ਧ | ਪ | ਸਂਸਂ | ਨ | ਧ | ਮ | ਧ | ਪ |
| ਸ | ਰ | ਨਿ | ਗ | ਹੀ | S | ਪ੍ਰਭ | ਗੁ | ਨੀ | ਗ | ਹੇ | ਰਾ |
| **ਅੰਤਰਾ** | | | | | | | | | | | |
| ਪ | ਪ | ਧ | ਸਂਮਂ | ਸਂ | - | ਸਂਸਂ | ਰਂ | ਗਂ | ਸਂ | ਨ | ਧ |
| ਤੂੰ | ਮੇ | ਰਾ | ਤਰੰ | ਗੁ | S | ਹਮ | ਮੀ | ਨ | ਤੁ | ਮਾ | ਰੇ |
| ਸਂ | ਨ | ਧ | ਮ | ਧ | ਪ | ਧਧ | ਮ | ਗ | ਸਰ | ਗ | ਸ |
| ਤੂ | ਮੇ | ਰਾ | ਠਾ | ਕੁ | ਰੁ | ਹਮ | ਤੇ | ਰੈ | ਦੁਆ | S | ਰੇ |

# ਸੰਗੀਤ - ਲਿਪੀ - ਚਿੰਨ੍ਹ

ਪ — ਜਿਨ੍ਹਾਂ ਸੁਰਾਂ ਦੇ ਉੱਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ।

ਧ — ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉੱਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ। ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ।

ਮੰ — ਇਹ ਤੀਬਰ ਮਧਿਅਮ ਹੈ। ਸੁਰ ਨੰ: 7 ਤੀਬਰ ਮਧਿਅਮ ਹੈ।

.ਪ/.ਧ — ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ।

ਸਂ/ਪਂ — ਜਿਨ੍ਹਾਂ ਸੁਰਾਂ ਦੇ ਉੱਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ।

ਪ- — ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ(-) ਹਨ ਉਸ ਨੂੰ ਉਤਨੀਆਂ ਮਾਤਰਾਂ ਤੱਕ ਗਾਉਣਾ ਹੈ।

ਸ਼ਾਂs — ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ।

ਧਪ — ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ।

ਮ ਪ — ਜਿਹੜਾ ਸੁਰ ਕਿਸੇ ਸੁਰ ਦੇ ਉੱਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ।

X O 1 2 3 — Xਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ।



# ਗੁਰਮੁਖ ਢੂਢ ਢੂਢੇਦਿਆਂ
## (Free Matrimonial Service)

❑: Suitable Computer Professional Girl For Bachelor Sikh boy, Slim, (33½, 6'1½") Nontrimmer, Teetotaller, masters in computers, Australia settled, sr. position MNC (Sydney). ***Box-0019***

❑ : Suitable Homely Arora Sikh Match For Graduate businessman (29 - 5'9") Contact ***Box 0020***

❑: Suitable sweet natured well settled businessman/ executive in well established concern Gursikh match for fair, slim, beautiful, intelligent & sweet natured Arora Girl (27-5'5") convent educated, P.U. Graduated, Diploma Textile Designing, Interior Decoration & Beauty Culture, Contact ***Box 0021***

❑: Suitable Non-Drinker Teetotaller Match for Slim, Beautiful, Fair Complexion Kamboj Graduate Girl (22-5'4") Father Civilian Defence Officer, Elder Brother Doctor Practising Mohali, Contact ***Box No. 0022***

❑: Sutiable Non-Drinker, Teetotaller Gursikh Match Around Chandigarh for Batra, Amrit Dhari Girl (25-5') M.A. Music (V) P.U. 1996 Serving Pb. Govt., Chandigarh Can recite Kirtan Father: Senior Acct. in Private Concern. Mother Homely Religious Lady Contact ***Box No. 023***

❑: Suitable Match for Graduate Arora Bajaj Boy (30-5'5") Serving Private Refined Oil Company Karnal, Contact ***Box No. 0024***

❑: Suitable Non-Drinker, Teetotaller, Business Man well Settled Khatri Match For under Graduate Chadha Girl (23½-5' 2") Father Bank Officer Posted Kanpur, Grand Parents From Patiala Boy Around Patiala Preferred Contact ***Box No. 0025***

❑:Suitable Match for Bedi Sikh Girl (26-5'4"), Slim, M.A.L.L.B. Running internship. Serving in College in Chandigarh ***Box No. 0025 A***

❑: Suitable Match for Arora Sikh Girl (45-5'2") M.A. M.Ed. Lecturer in Music in Govt. School Contact ***Box No. 0026***

❑: Suitable Match for B.A, B.Ed Girl (31-5' 2") Running Beauty Parlour Contact ***Box No. 0027***

❑: Suitable Chandigarh/ Mohali/ Panchkula well settled professional Khatri/ Arora Gursikh male match for a Chandok DHMS Girl (22-5'3"). Two elder sisters both well settled in reputed families. Contact ***Box No. 0028***

❑: Suitable Gursikh Non-Trimmer Educated male match with status for an Ahluwalia Post Graduate bank executive, sweet and pleasing, soft spoken, earning handsome emoluments (29-5'5") Father Police officer at present in USA Contact ***Box No. 0029***

❑: Suitable Homely Gursikh Khatri Slim Match for a Behl (10+2) I.T.I (Electrical) diploma holder businessman at Chandigarh (24½-5'8"), father retired JCO at present with govt. blood bank, Delhi, elder brother married, serving govt. medical college, Chandigarh, Contact ***Box No. 0030***

❑: Suitable Gursikh male match for smart, attractive, wheatish complexion, well behaved, pleasing manners, pleasant nature, born artist, with melodious voice, (35-5'4") Ph.d, Lecturer Music (University) Contact ***Box No. 0031***

❑: Well qualified, religious, homely smart female match for Delhi based Gursikh Arora Architect, (28-5'4"), Wheatish complexion, Smart, Sober, Intelligent, Well Mannered, Teetotaller, with Pleasing Personality. Contact ***Box No. 0032***

❑: Well Qualified Suitable male Match for DHMS Doctor (32-5'2") Legally divorced, serving at Mohali, Father retired PSAS, Contact ***Box No. 0033***

❑: Suitable Female Match for a Ramgarhia Sikh computer Engineer in USA (5' 8", 29) Father retired Engineer Central Govt. Mother Educated House wife. One brother one sister, both Married and well settled contact ***Box No 34***

❑: Sutiable Male match for convent Educated, B. Com, B. Ed, Teacher in convent School, 5' 6", 30 contact ***Box 0035***

❑: Suitable Amritdhari Match for a 35, 165 cm. Arora Girl, M.Sc, B.Ed, Chandigarh, B.Sc Hons, New Delhi, Post Graduate Teacher, in Delhi, Drawing Handsome Salary, ELDERS from Dist Sialkot, Contact ***Box 0036***

❑: Suitable Match for a Teetotaller Non-Trimmer Gursikh (25, 5' 10") BFA working as Art Exceutive, at Punwire, Mohali, Salary 8500. Contact ***Box 0037***

**Contact: H.B.S. Chopra 1246, Sector 22-B, Chandigarh**

# Youth Career Counselling

1. A Marvellous opportunity for Matric/10+2 passed, with min. 55% marks (45% for SC/ST), to join Indian Coast Guard as Naviks Age, 17-22 yrs; relaxable by 5yrs. for SC/ST. Free training & food,clothing, medical & other allowances with starting emoluments of Rs. 3100/-. Standard application format & other conditions are published in Times of India of 10-06-98. Applications to reach latest by 15-07-98 & addressed to North Zone H. Or:
The Director Training, Recruitment Cell, Coast Guard Headquarters, National Stadium Complex, New Delhi- 110001

2. General Nursing & Midwifery 3 yrs. recognised course for unmarried female candidates of min. age 17 yrs. & 10-+2 passed with 50% or more marks. Prospectus & application forms be obtained on payment of Rs. 100/- in eash & apply before 30-07-98 addressed to, The Prinicipal, Guru Nanak Mission Institute of Nursing & Hospital, Dhahan-Kaleran, Nawanshahr.

3. The Food Craft Institute (GOI), Sector 42-D, Chandigarh, invites applications for admission to various career courses in Hotel & Catering Establishments, lasting one year. Eligibility 10+2, age limit 18-22 yrs. Prospectus & conditions on payment of Rs. 50/- In cash last date of applications receipt is 09-07-98.

4. Admission for 4-yrs. BFA Degree Courses in Applied Art, Painting, Graphiecs & Seculpture, 10+2 passed with min 40% marks (35% for SC/ ST). Last date of receipt of applications in 08-07-98, prospectus & other conditions be obtained on payment of Rs. 100/- (cash): Apply to the Principal, Government College of Arts, Chandigarh Administration, Sector-10 C, Chandigarh.

5. The Martic passed candidates (no age limit) shall be selected on merit after written test & interview for 2-yes. certificate course in trade of HEAT TREATMENT, after receiving applications before 15-07-98. Prospectus & other details be obtained on payment of Rs. 100/-in cash & apply to: The Senior Manager (Training), Central Tool Room (An Indo-German Project). A-5 Focal Point, Ludhiana.

6. A most diversified commercial printer & 100% export oriented unit (An ISO 9002 Co.), invites applications for 4 Yrs. course in printing technology. Eligibility 10+2 passed with min. 55% marks, age up to 18 yrs. on first Sept; 98. Stipends awailable for all four years course @ Rs. 750/- first year, Rs. 1000/- 2nd; Rs. 1500/- 3rd; & Rs. 2000/- in fourth year. Apply on plain paper with full details of qualification, family background, passport size photo & attested copies of marksheet & certificates before 16-07-98: To Sh. G. B. Singh, Thomson Training Centre Printing Technology, Thomson Press (India) Ltd; Mathura Road, Faridabad -121007 (Har a)

7. The S r Water Heating System meets full hot water requirement in household, dairies, hotels, spitals & hostels etc; resulting energy savings & provide clean environment. Soft loan ith nominal interest @ 5% available from Punjab & Sind Bank Branches under Renewab Energy Scheme.

Contact: S. Mohindar Singh, # 457, Phase 4, SAS Nagar, (Mohali). Ph. 672295
For necessary guidance/counselling on oppointment.

ਸਾਵਿਣ ਸਰਸ ਮਨਾ ਘਣ ਵਰਸਹਿ ਰੁਤਿ ਆਏ॥ ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥ ਪਿਰ ਘਰਿ ਨਹੀਂ ਆਵੈ, ਮਰੀਐ ਹਾਵੈ, ਦਾਮਨਿ ਡਰਾਏ॥ ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥ ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨਾ ਸੁਖਾਵਏ॥ ਨਾਨਕ ਸੁਹਾਗਣ ਕੰਤੀ ਪਿਰ ਕੈ ਅੰਕਿ ਸਮਾਵਏ।

## ਗੁਰਪੁਰਬ

ਪਾ. ੮ ਜੋਤੀ ਅਵਤਾਰ ਧਾਰਿਆ — ੧੭ ਜੁਲਾਈ

## ਦਿਨ ਦਿਹਾਰ ਤੇ ਛੁੱਟੀਆਂ

ਈਦੁਲ ਮੀਲਾਦ — ੭ ਜੁਲਾਈ
ਦੁਰਗਾ — ੩੧ ਜੁਲਾਈ

## ਜੁਲਾਈ। ਜੰਤਰੀ ਹਾੜ ੧੯੯੮

| | | | |
|---|---|---|---|
| ਸੰਮਤ ਬਿਕ੍ਰਮੀ | 2055 | ਪੰਚਮੀ | 28 ਜੁਲਾਈ |
| ਸੰਮਤ ਨਾਨਕਸ਼ਾਹੀ | 529 | ਪੂਰਨਮਾਸ਼ੀ | 9 ਜੁਲਾਈ |
| ਸੰਮਤ ਖਾਲਸਾ | 299-300 | ਸੰਗ੍ਰਾਂਦ | 16 ਜੁਲਾਈ |
| ਸੰਮਤ ਸਾਕਾ | 1920 | ਮੱਸਿਆ | 23 ਜੁਲਾਈ |

| | | | | | |
|---|---|---|---|---|---|
| ਐਤ SUN | ☆ | 5<br>21 ਹਾੜ<br>ਹਾੜ ਸੁਦੀ 6 | 12<br>28 ਹਾੜ<br>ਹਾੜ ਵਦੀ 13 | 19<br>74 ਸਾਵਣ<br>ਸਾਵਣ ਵਦੀ 11 | 26<br>11 ਸਾਵਣ<br>ਸਾਵਣ ਸੁਦੀ3 |
| ਸੋਮ MON | ☆ | 6<br>22 ਚੇਤਰ<br>ਚੇਤਰ ਸੁਦੀ 7 | 13<br>29 ਵੈਸਾਖ<br>ਹਾੜ ਵਦੀ 1 | 20<br>5 ਸਾਵਣ<br>ਸਾਵਣ ਵਦੀ 12 | 27<br>12 ਵੈਸਾਖ<br>ਸਾਵਣ ਸੁਦੀ1 |
| ਮੰਗਲ TUE | ☆ | 7<br>23 ਚੇਤਰ<br>ਚੇਤਰ ਸੁਦੀ 8 | 14<br>30 ਵੈਸਾਖ<br>ਵੈਸਾਖ ਵਦੀ 2 | 21<br>6 ਸਾਵਣ<br>ਸਾਵਣ. ਵਦੀ 13 | 28<br>13 ਵੈਸਾਖ<br>ਸਾਵਣ ਸੁਦੀ2 |
| ਬੁਧ WED | 1<br>17 ਚੇਤਰ<br>ਹਾੜ ਸੁਦੀ 2 | 8<br>24 ਚੇਤਰ<br>ਹਾੜ ਸੁਦੀ 9 | 15<br>31 ਵੈਸਾਖ<br>ਵੈਸਾਖ ਵਦੀ 3 | 22<br>7 ਸਾਵਣ<br>ਸਾਵਣ ਵਦੀ 14 | 29<br>14 ਵੈਸਾਖ<br>ਸਾਵਣ ਸੁਦੀ3 |
| ਵੀਰ THU | 2<br>18 ਚੇਤਰ<br>ਹਾੜ ਸੁਦੀ 3 | 9<br>25 ਹਾੜ<br>ਪੂਰਨਮਾਸ਼ੀ | 16<br>1 ਵੈਸਾਖ<br>ਵੈਸਾਖ ਵਦੀ 4 | 23<br>8 ਸਾਪਣ<br>ਮੱਸਿਆ | 30<br>15 ਵੈਸਾਖ<br>ਸਾਵਣ ਸੁਦੀ4 |
| ਸ਼ੁਕਰ FRI | 3<br>19 ਚੇਤਰ<br>ਹਾੜਸੁਦੀ4 | 10<br>26 ਹਾੜ<br>ਸਾਵਣ 1 | 17<br>2 ਵੈਸਾਖ<br>ਵੈਸਾਖ ਵਦੀ 5 | 24<br>9 ਸਾਵਣ<br>ਸਾਵਣ ਸੁਦੀ 1 | 31<br>16 ;ਵਣ<br>ਸਾਵਣ ਸੁਦੀ8 |
| ਸ਼ਨੀ SAT | 4<br>20 ਚੇਤਰ<br>ਹਾੜ ਸੁਦੀ 5 | 11<br>27 ਹਾੜ<br>ਸਾਵਣ ਵਦੀ 2 | 18<br>3 ਵੈਸਾਖ<br>ਵੈਸਾਖ ਵਦੀ 6 | 25<br>10 ਸਾਵਣ<br>ਸਾਵਣ ਵਦੀ 2 | ☆ |

ਵਿਚ ਘਾਹ ਆਦਿਕ ਸੁੱਕ ਜਾਂਦੇ ਹਨ। ਉਸ ਤਪਸ਼ ਦੇ ਪਿੱਛੋਂ ਸਾਵਣ ਮਹੀਨੇ ਵਿਚ ਘਟਾਂ ਚੜ੍ਹਦੀਆਂ ਹਨ। ਪਸ਼ੂ ਪੰਛੀ ਮਨੁੱਖ ਤਾਂ ਕਿਤੇ ਰਹੇ, ਸੁੱਕਾ ਹੋਇਆ ਘਾਹ ਭੀ ਹਰਾ ਹੋ ਜਾਂਦਾ ਹੈ। ਉਸ ਦੀ ਹਰਿਆਵਲ ਵੇਖ ਕੇ ਹਰੇਕ ਪ੍ਰਾਣੀ ਬੋਲ ਉਠਦਾ ਹੈ-) ਹੇ ਮੇਰੇ ਮਨ। ਸਾਵਣ ਮਹੀਨੇ ਵਿਚ (ਵਰਖਾ) ਰੁੱਤ ਆ ਗਈ ਹੈ, ਬੱਦਲ ਵਰ੍ਹ ਰਹੇ ਹਨ, ਹੁਣ ਤੂੰ ਭੀ ਹਰਾ ਹੋ (ਤੂੰ ਭੀ ਉਮਾਹ ਵਿਚ ਆ)।

(ਪਰਦੇਸ ਗਏ ਪਤੀ ਦੀ ਨਾਰ ਦਾ ਹਿਰਦਾ ਕਾਲੀਆਂ ਘਟਾਂ ਨੂੰ ਵੇਖ ਕੇ ਤੜਪ ਉਠਦਾ ਹੈ। ਉਮਾਹ ਪੈਦਾ ਕਰਨ ਵਾਲੇ ਇਹ ਸਾਮਾਨ ਵਿਛੋੜੇ ਵਿਚ ਉਸ ਨੂੰ ਦੁਖਦਾਈ ਪ੍ਰਤੀਤ ਹੁੰਦੇ ਹਨ। ਬਿਰਹੋਂ ਵਿਚ ਉਹ ਇਉਂ ਆਖਦੀ ਹੈ-) ਹੇ ਮਾਂ! (ਇਹ ਬੱਦਲ ਵੇਖ ਵੇਖ ਕੇ) ਮੈਨੂੰ ਆਪਣਾ ਪਤੀ ਮਨ ਵਿਚ ਰੋਮ ਰੋਮ ਵਿਚ ਪਿਆਰਾ ਲੱਗ ਰਿਹਾ ਹੈ, ਪਰ ਮੇਰੇ ਪਤੀ ਜੀ ਤਾਂ ਪਰਦੇਸ ਗਏ ਹੋਏ ਹਨ। (ਜਿਤਨਾਂ ਚਿਰ) ਪਤੀ ਘਰ ਵਿਚ ਨਹੀਂ ਆਉਂਦਾ, ਮੈਂ ਹਾਉਕਿਆਂ ਨਾਲ ਮਰ ਰਹੀ ਹਾਂ, ਬਿਜਲੀ ਚਮਕ ਕੇ (ਸਗੋਂ) ਮੈਨੂੰ ਡਰਾ ਰਹੀ ਹੈ। (ਪਤੀ ਦੇ ਵਿਛੋੜੇ ਵਿਚ) ਮੇਰੀ ਸੱਖਣੀ ਸੇਜ ਮੈਨੂੰ ਬਹੁਤ ਦੁਖਦਾਈ ਪ੍ਰਤੀਤ ਹੋ ਰਹੀ ਹੈ, (ਪਤੀ ਤੋਂ ਵਿਛੋੜੇ ਦਾ ਦੁੱਖ ਮੈਨੂੰ ਮੌਤ (ਬਰਾਬਰ) ਹੋ ਗਿਆ ਹੈ।

(ਜਿਸ ਜੀਵ-ਇਸਤਰੀ ਦੇ ਅੰਦਰ ਪ੍ਰਭੂ-ਪਤੀ ਦਾ ਪਿਆਰ ਹੈ, ਬਿਰਹਣੀ ਨਾਰ ਵਾਂਗ, ਉਸ ਨੂੰ ਪ੍ਰਭੂ ਦੇ ਮਿਲਾਪ ਤੋਂ ਬਿਨਾਂ ਨਾਂਹ ਨੀਂਦ, ਨਾਂਹ ਭੁੱਖ। ਉਸ ਨੂੰ ਤਾਂ ਕੱਪੜਾ ਭੀ ਸਰੀਰ ਉੱਤੇ ਨਹੀਂ ਸੁਖਾਂਦਾ (ਸਰੀਰਕ ਸੁਖਾਂ ਦੇ ਕੋਈ ਭੀ ਸਾਧਨ ਉਸ ਦੇ ਮਨ ਨੂੰ ਧੂਹ ਨਹੀਂ ਪਾ ਸਕਦੇ)

ਹੇ ਨਾਨਕ! ਉਹੀ ਭਾਗਾਂ ਵਾਲੀ ਜੀਵ-ਇਸਤਰੀ ਪ੍ਰਭੂ-ਪਤੀ ਦੇ ਪਿਆਰ ਦੀ ਹੱਕਦਾਰ ਹੋ ਸਕਦੀ ਹੈ, ਜੋ ਸਦਾ ਪ੍ਰਭੂ ਦੀ ਯਾਦ ਵਿਚ ਲੀਨ ਰਹਿੰਦੀ ਹੈ।

ਭਾਵ:- ਸਿਫਤਿ-ਸਾਲਾਹ ਦੀ ਬਰਕਤਿ ਨਾਲ ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਪਿਆਰ ਹੁੰਦਾ ਹੈ, ਇਸ ਪਿਆਰ ਦੇ ਟਾਕਰੇ ਤੇ ਸਰੀਰਕ ਸੁੱਖਾਂ ਦੇ ਕੋਈ ਭੀ ਸਾਧਨ ਉਸ ਦੇ ਮਨ ਨੂੰ ਧੂਹ ਨਹੀਂ ਪਾ ਸਕਦੇ।


**ਹਰਮੋਨੀਅਮ ਪ੍ਰਾਪਤ ਕਰੋ**

ਚੰਗੇ ਹਰਮੋਨੀਅਮ ਪ੍ਰਾਪਤ ਕਰਨ ਲਈ ਸੰਪਰਕ ਕਰੋ।

ਐਚ. ਐਮ. 74, ਫੇਜ 3ਬੀ 1
ਮੁਹਾਲੀ
ਫੋਨ-220474



**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਪਤਾ:- ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-141002


ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ।

# ਅੰਮ੍ਰਿਤ ਵਰਖਾ

ਪੇਸ਼ ਕਰਦੇ ਹਨ:

ਡਾ. ਜਾਗੀਰ ਸਿੰਘ ਜੀ ਦੀ ਆਵਾਜ਼ ਵਿਚ

ਗੁਰਬਾਣੀ ਕੀਰਤਨ ਦੀਆਂ ਕੈਸਟਾਂ

- ਸਾਵਣ ਆਇਆ
- ਤੇਰਾ ਕੀਆ ਮੀਠਾ ਲਾਗੈ
- ਦਲ ਭੰਜਨ ਗੁਰ ਸੂਰਮਾ
- ਹਉ ਬਲਿਹਾਰੇ ਜਾਉ
- ਜਿਉ ਰਾਖਹਿ ਤਿਉ ਰਹੀਐ
- ਜਪਿ ਮਨ ਸਤਿਨਾਮ
- ਭਜਉ ਗੋਬਿੰਦ (MVI)
- ਥੰਮੇ ਕੋਇ ਨ ਸਾਧ ਬਿਨ (MVI)
- ਬਿਨ ਦਰਸਨ ਕੈਸੇ ਜੀਵਉ
- ਪਾਠ-ਸ੍ਰੀ ਜਪੁਜੀ ਸਾਹਿਬ, ਰਹਿਰਾਸ ਸਾਹਿਬ ਤੇ ਸੋਹਿਲਾ
- ਮੇਰੇ ਲਾਲ ਜੀਓ
- ਸੋ ਕਿਉ ਵਿਸਰੈ
- ਬਾਬੀਹਾ ਅੰਮ੍ਰਿਤ ਵੇਲੇ ਬੋਲਿਆ
- ਪੂਤਾ ਮਾਤਾ ਕੀ ਆਸੀਸ
- ਤੇਰੇ ਮੁਖੁ ਸੁਹਾਵਾ
- ਦੇਹ ਸਿਵਾ ਬਰ ਮੋਹਿ ਇਹੈ
- ਸਭ ਬਿਧਿ ਤੁਮ ਹੀ ਜਾਨਤੇ (T Series)
- ਭਾਗ ਹੋਆ ( Indian Melodies)
- ਪਾਠ-ਸ੍ਰੀ ਸੁਖਮਨੀ ਸਾਹਿਬ
- ਪਾਠ-ਪੰਜ ਬਾਣੀਆਂ ਤੇ ਬਾਰਹਮਾਹ

ਨੋਟ: ਰਾਗੀ ਜੱਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਹੇਠ ਲਿਖੇ ਸਥਾਨਾਂ ਤੋਂ ਮਿਲ ਸਕਦੀਆਂ ਹਨ। ਚੰਡੀਗੜ੍ਹ ਵਿਚ ਜੋ ਆਪ ਘਰ ਬੈਠਿਆਂ ਕੀਰਤਨ ਟੇਪਾਂ ਚਾਹੁੰਦੇ ਹੋ ਤਾਂ ਫ਼ੋਨ: 772660 ਅਤੇ 45452 ਕਰਨ ਦੀ ਕਿਰਪਾ ਕਰੋ।

| ਅੰਮ੍ਰਿਤ ਕੀਰਤਨ ਟ੍ਰਸਟ | ਅੰਮ੍ਰਿਤ ਵਰਖਾ |
|---|---|
| 422, ਸੈਕਟਰ 15-A | 7/1, ਵੈਸਟ ਪਟੇਲ ਨਗਰ, |
| ਚੰਡੀਗੜ੍ਹ-160015 | ਨਵੀਂ ਦਿੱਲੀ |
| ਫੋਨ-722660 | ਫੋਨ : 5742058 |

Registration No.
Chandigarh Division / 52 / 98
RNI Regd. No. 46788/89
**ISSN-002045**

**BOOK POST**
**(Printed Matter)**
To

*If undelivered please return to:*
**AMRIT KIRTAN TRUST** (Regd.)
422, Sector 15-A, Chandigarh - 160 015
Phone : 0172 - 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 7 ਸਾਲ ਦਸਵਾਂ ਜੁਲਾਈ 1998

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ [illegible] ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ। ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ। ਆਪ ਜੀ ਦਾ ਚਿੱਟ ਨੰਬਰ ਇਸ ਲਿਫਾਫੇ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ।